
KHETI DUNIYAN, PATIALA
Excellence in Agri Info
# ਖੇਤੀ ਦੁਨੀਆਂ
ਭਾਰਤ ਦਾ ਇੱਕੋ-ਇੱਕ ਪੰਜਾਬੀ ਖੇਤੀਬਾੜੀ ਅਖ਼ਬਾਰ (ਨਿਊਜ਼-ਪੇਪਰ)
Rs.10/-
All Subject to Patiala Jurisdiction.
www.khetiduniyan.in

ਖੇਤੀ ਸੰਬੰਧੀ ਸੰਪੂਰਣ ਜਾਣਕਾਰੀ ਲਈ
ਖੇਤੀ ਦੁਨੀਆਂ ਦੇ ਮੈਂਬਰ ਬਣੋ
ਇੱਕ ਸਾਲ ਲਈ 500/- ਰੁਪਏ
ਦੋ ਸਾਲ ਲਈ 750/- ਰੁਪਏ
ਚੰਦੇ ਭਰਨ ਲਈ QR ਕੋਡ ਸਕੈਨ ਕਰੋ।

Editor : Jagpreet Singh • RNI/PUNPUN00806 • Issue Dated 21-12-2024 • Vol.42 No.51 • Ph. : 0175-2214575, 90410-14575 • Page : 16 | E-mail : khetiduniyan1983@gmail.com

# ਕਣਕ ਦੀ ਫਸਲ ਵਿਚ ਲੋੜੀਂਦੇ ਤੱਤਾਂ ਦੀ ਘਾਟ ਅਤੇ ਪੂਰਤੀ ਕਰਨ ਦੇ ਤਰੀਕੇ



### ਮੈਂਗਨੀਜ਼ ਦੀ ਘਾਟ

ਝੋਨਾ-ਕਣਕ ਫਸਲੀ ਚੱਕਰ ਵਾਲੀਆਂ ਰੇਤਲੀਆਂ ਜ਼ਮੀਨਾਂ ਵਿਚ ਮੈਂਗਨੀਜ਼ ਦੀ ਘਾਟ ਆਮ ਤੌਰ ਤੇ ਜ਼ਿਆਦਾ ਵੇਖਣ ਵਿਚ ਆਉਂਦੀ ਹੈ। ਮੈਂਗਨੀਜ਼ ਦੀ ਘਾਟ ਦੀਆਂ ਨਿਸ਼ਾਨੀਆਂ ਨਾਲ ਬੂਟੇ ਦੇ ਵਿਚਕਾਰਲੇ ਪੱਤਿਆਂ ਦੀਆਂ ਨਾੜੀਆਂ ਦੇ ਦਰਮਿਆਨ ਵਾਲੀ ਥਾਂ ਤੇ ਹਲਕੇ ਪੀਲੇ ਸਲੇਟੀ ਰੰਗ ਤੋਂ ਗੁਲਾਬੀ ਭੂਰੇ ਰੰਗ ਦੇ ਧੱਬਿਆਂ ਦੇ ਰੂਪ ਵਿਚ ਦਿਖਾਈ ਦਿੰਦੀਆਂ ਹਨ। ਇਹ ਧੱਬੇ ਪੱਤਿਆਂ ਦੇ ਮੁੱਢ ਵਾਲੇ 2/3 ਹਿੱਸੇ ਵਿਚ ਜ਼ਿਆਦਾ ਹੁੰਦੇ ਹਨ ਜੋ ਕਿ ਬਾਅਦ ਵਿਚ ਇਕੱਠੇ ਹੋ ਕੇ ਇਕ ਲੰਮੀ ਧਾਰੀ ਦਾ ਆਕਾਰ ਲੈ ਲੈਂਦੇ ਹਨ ਅਤੇ ਪੱਤਿਆਂ ਦੀਆਂ ਨਾੜੀਆਂ ਹਰੀਆਂ ਰਹਿੰਦੀਆਂ ਹਨ। ਸਿੱਟੇ ਨਿੱਕਲਣ ਸਮੇਂ, ਘਾਟ ਦੀਆਂ ਨਿਸ਼ਾਨੀਆਂ ਟੀਸੀ ਦੇ ਪੱਤੇ ਤੇ ਸਾਫ ਦਿਖਾਈ ਦਿੰਦੀਆਂ ਹਨ। ਕਣਕ ਦੀ ਫਸਲ ਵਿਚ ਮੈਂਗਨੀਜ਼ ਸਲਫੇਟ ਦੀ ਸਪਰੇਅ ਜ਼ਿਆਦਾ ਲਾਹੇਵੰਦ ਹੈ ਸੋ ਇਸ ਦੀ ਵਰਤੋਂ ਜ਼ਮੀਨ ਵਿਚ ਨਾ ਕਰੋ। ਮੈਂਗਨੀਜ਼ ਦੀ ਘਾਟ ਵਾਲੀਆਂ ਜ਼ਮੀਨਾਂ ਵਿਚ ਇਕ ਕਿਲੋ ਮੈਂਗਨੀਜ਼ ਸਲਫੇਟ 200 ਲਿਟਰ ਪਾਣੀ ਵਿਚ ਘੋਲ ਕੇ ਇਕ ਛਿੜਕਾਅ ਪਹਿਲੇ ਪਾਣੀ ਤੋਂ 2-4 ਦਿਨ ਪਹਿਲਾਂ ਅਤੇ 3 ਛਿੜਕਾਅ ਹਫਤੇ-ਹਫਤੇ ਦੇ ਵਕਫੇ ਨਾਲ ਧੁੱਪ ਵਾਲੇ ਦਿਨਾਂ ਵਿਚ ਕਰੋ।



### ਜ਼ਿੰਕ ਦੀ ਘਾਟ

ਜ਼ਿੰਕ ਦੀ ਘਾਟ ਨਾਲ ਕਣਕ ਦੀ ਫਸਲ ਵਿਚ ਬੂਟਿਆਂ ਦਾ ਵਾਧਾ ਰੁਕ ਜਾਂਦਾ ਹੈ ਅਤੇ ਬੂਟੇ ਝਾੜੀ ਵਰਗੇ ਬਣ ਜਾਂਦੇ ਹਨ। ਪੱਤੇ ਲੱਕ ਵਿਚਕਾਰੋਂ ਪੀਲੇ ਪੈ ਜਾਂਦੇ ਹਨ ਅਤੇ ਬਾਅਦ ਵਿਚ ਉੱਥੋਂ ਟੁੱਟ ਕੇ ਲਮਕ ਜਾਂਦੇ ਹਨ। ਕਣਕ ਦੀ ਬਿਜਾਈ ਸਮੇਂ ਜ਼ਿੰਕ ਦੀ ਘਾਟ ਵਾਲੀਆਂ ਜ਼ਮੀਨਾਂ ਵਿਚ 25 ਕਿਲੋ ਜ਼ਿੰਕ ਸਲਫੇਟ (21% ਜ਼ਿੰਕ) ਪ੍ਰਤੀ ਏਕੜ ਜ਼ਮੀਨ ਵਿਚ ਛੱਟੇ ਨਾਲ ਪਾਓ ਜੋ ਕਿ 2-3 ਸਾਲ ਲਈ ਕਾਫੀ ਹੁੰਦਾ ਹੈ। ਫਸਲ ਉੱਤੇ ਜ਼ਿੰਕ ਸਲਫੇਟ (ਇਕ ਕਿਲੋ ਜ਼ਿੰਕ ਸਲਫੇਟ ਅਤੇ ਅੱਧਾ ਕਿਲੋ ਅਣਬੁਝਿਆ ਚੂਨਾ 200 ਲਿਟਰ ਪਾਣੀ) ਦੀ ਸਪਰੇਅ ਕਰਨ ਨਾਲ ਜ਼ਿੰਕ ਦੀ ਘਾਟ ਪੂਰੀ ਕੀਤੀ ਜਾ ਸਕਦੀ ਹੈ। ਜੇਕਰ ਸਾਉਣੀ ਦੀ ਫਸਲ ਨੂੰ ਸਿਫਾਰਸ਼ ਕੀਤੀ ਜ਼ਿੰਕ ਸਲਫੇਟ ਦੀ ਮਾਤਰਾ ਪਾਈ ਗਈ ਹੋਵੇ ਤਾਂ ਉਸ ਜ਼ਮੀਨ ਵਿਚ ਬੀਜੀ ਕਣਕ ਨੂੰ ਜ਼ਿੰਕ ਪਾਉਣ ਦੀ ਲੋੜ ਨਹੀਂ।

ਕਣਕ ਦੇ ਦਾਣਿਆਂ ਵਿਚ ਜ਼ਿੰਕ ਦੀ ਮਾਤਰਾ ਵਧਾਉਣ ਲਈ ਫਸਲ ਉੱਪਰ 0.5% ਜ਼ਿੰਕ ਸਲਫੇਟ ਦੇ ਇਕ ਜਾਂ ਦੋ ਸਪਰੇਅ (ਸਿੱਟੇ ਨਿਕਲਣ ਸਮੇਂ ਤੋਂ ਦਾਣੇ ਬਣਨੇ ਸ਼ੁਰੂ ਹੋਣ ਤੱਕ) ਸ਼ਾਮ ਦੇ ਸਮੇਂ ਕਰੋ। ਜਿਸ ਨਾਲ ਕਣਕ ਦੇ ਦਾਣਿਆਂ ਵਿਚ ਜ਼ਿੰਕ ਦੀ ਮਾਤਰਾ ਕਣਕ ਦੀ ਪੌਸ਼ਟਿਕ ਗੁਣਵੱਤਾ ਵੱਧਦੀ ਹੈ।



### ਗੰਧਕ ਦੀ ਘਾਟ

ਰੇਤਲੀਆਂ ਜ਼ਮੀਨਾਂ ਵਿਚ ਗੰਧਕ ਦੀ ਘਾਟ ਜ਼ਿਆਦਾ ਆਉਂਦੀ ਹੈ ਅਤੇ ਕਣਕ ਦੇ ਵਾਧੇ ਦੇ ਮੁੱਢਲੇ ਸਮੇਂ ਲਗਾਤਾਰ ਬਾਰਿਸ਼ ਪੈਣ ਕਾਰਨ ਵੀ ਇਸ ਤੱਤ ਦੀ ਘਾਟ ਆ ਜਾਂਦੀ ਹੈ। ਗੰਧਕ ਦੀ ਘਾਟ ਵਾਲੀ ਫਸਲ ਦੇ ਬੂਟੇ ਦੇ ਨਵੇਂ ਪੱਤਿਆਂ ਦਾ ਰੰਗ ਨੋਕ ਨੂੰ ਛੱਡ ਕੇ ਹਲਕਾ ਪੀਲਾ ਪੈ ਜਾਂਦਾ ਹੈ ਜਦੋਂ ਕਿ ਹੇਠਲੇ ਪੱਤੇ ਲੰਮੇ ਸਮੇਂ ਤੱਕ ਹਰੇ ਹੀ ਰਹਿੰਦੇ ਹਨ। ਗੰਧਕ ਦੀ ਘਾਟ ਵਾਲੀਆਂ ਜ਼ਮੀਨਾਂ ਵਿਚ ਜਿੱਥੇ ਫਾਸਫੋਰਸ ਤੱਤ ਸਿੰਗਲ ਸੁਪਰਫਾਸਫੇਟ ਦੀ ਜਗ੍ਹਾ ਡੀ.ਏ.ਪੀ. ਰਾਹੀਂ ਪਾਇਆ ਹੋਵੇ, ਉੱਥੇ 100 ਕਿਲੋ ਜਿਪਸਮ ਜਾਂ 18 ਕਿਲੋ ਬੈਂਟੋਨਾਈਟ-ਸਲਫਰ (90%) ਪ੍ਰਤੀ ਏਕੜ ਦੇ ਹਿਸਾਬ ਨਾਲ ਬਿਜਾਈ ਤੋਂ ਪਹਿਲਾਂ ਪਾ ਦੇਣਾ ਚਾਹੀਦਾ ਹੈ ਤਾਂ ਜੋ ਕਣਕ ਵਿਚ ਗੰਧਕ ਦੀ ਲੋੜ ਪੂਰੀ ਹੋ ਜਾਵੇ। ਜੇਕਰ ਗੰਧਕ ਦੀ ਘਾਟ ਦਿਖਾਈ ਦੇਵੇ ਤਾਂ ਖੜ੍ਹੀ ਫਸਲ ਵਿਚ ਜਿਪਸਮ ਦੀ ਵਰਤੋਂ ਕਰਨੀ ਚਾਹੀਦੀ ਹੈ।

ਗਗਨਦੀਪ ਧਵਨ, ਮਨਦੀਪ ਸਿੰਘ ਅਤੇ ਰਾਜਨ ਭੱਟ, ਕ੍ਰਿਸ਼ੀ ਵਿਗਿਆਨ ਕੇਂਦਰ, ਕਪੂਰਥਲਾ (ਮੋ.70098-69607)

## ਅੰਦਰ ਪੜ੍ਹੋ



ਕਣਕ ਦੀਆਂ ਬਿਮਾਰੀਆਂ ਦੀ ਸਫਲ ਰੋਕਥਾਮ



ਜਨਵਰੀ ਮਹੀਨੇ ਦੇ ਖੇਤੀ ਰੁਝੇਵੇਂ



ਪੰਜਾਬੀ ਵੀ ਤੁਰੇ ਸਾਈਬਰ ਕਰਾਈਮ ਰਾਹੇ





ਡਾ. ਅਮਨਪ੍ਰੀਤ ਸਿੰਘ ਬਰਾੜ

ਐਮ.ਐਸ.ਪੀ. ਦਾ ਫਾਇਦਾ ਸਾਰੇ ਪੰਜਾਬੀਆਂ ਨੂੰ



ਡਾ. ਹਰਪਾਲ ਸਿੰਘ ਰੰਧਾਵਾ, ਭਵਿਆਸ਼੍ਰੀ ਆਰ ਕੇ,
ਪੀ ਏ ਯੂ, ਰਿਜ਼ਨਲ ਸਟੇਸ਼ਨ, ਗੁਰਦਾਸਪੁਰ ਅਤੇ
ਜੈਦੀਪ ਸਿੰਘ ਕੰਗ, ਫੀਲਡ ਅਸਿਸਟੈਂਟ ਟਾਟਾ ਟਰੱਸਟ।

**ਪੰਜਾਬ ਬਹਾਰ ਰੁੱਤ ਦੀ ਮੱਕੀ ਦੀ ਕਾਸ਼ਤ ਲਗਭਗ 5.5 ਹਜ਼ਾਰ ਹੈਕਟੇਅਰ ਵਿਚ ਕੀਤੀ ਗਈ ਸੀ ਅਤੇ ਔਸਤਨ ਝਾੜ 16.0 ਕੁਇੰਟਲ ਪ੍ਰਤੀ ਏਕੜ ਰਿਹਾ ਸੀ ਜੋ ਕਿ ਆਸ, ਤੋਂ ਬਹੁਤ ਘੱਟ ਹੈ। ਔਸਤਨ ਝਾੜ ਘੱਟ ਹੋਣ ਦੇ ਕਈ ਕਾਰਨ ਹਨ, ਜਿਵੇਂ ਕਿ ਕਿਸਮ ਦੀ ਗਲਤ ਚੋਣ, ਬਿਜਾਈ, ਨਦੀਨਾਂ, ਕੀੜੇ ਅਤੇ ਬਿਮਾਰੀਆਂ ਦੀ ਰੋਕਥਾਮ ਸਮੇਂ ਸਿਰ ਨਾ ਹੋਣਾ।**



# ਬਹਾਰ ਰੁੱਤ ਦੀ ਮੱਕੀ ਦੀ ਸਫਲ ਕਾਸ਼ਤ ਤਕਨੀਕੀ ਜਾਣਕਾਰੀ





### ਉੱਨਤ ਕਿਸਮਾਂ

ਪੀ-1844, ਪੀ ਐਮ ਐਚ 10, ਡੀ ਕੇ ਸੀ 9108, ਪੀ ਐਮ ਐਚ 8, ਪੀ ਐਮ ਐਚ 7 ਅਤੇ ਪੀ ਐਮ ਐਚ 1 ਆਦਿ ਕਿਸਮਾਂ ਪੀ ਏ ਯੂ ਵੱਲੋਂ ਸਿਫਾਰਸ਼ ਕੀਤੀਆਂ ਗਈਆਂ ਹਨ। ਬੀਜ ਭਰੋਸੇਯੋਗ ਸੋਮਿਆਂ ਤੋਂ ਹੀ ਲਵੋ ਅਤੇ ਗੈਰ-ਪ੍ਰਮਾਣਿਤ ਕਿਸਮ (ਪੀ 31 ਵਾਈ 45) ਦੀ ਖੇਤੀ ਨਾ ਕਰੋ।

### ਬੀਜ ਅਤੇ ਬਿਜਾਈ ਦਾ ਸਮਾਂ

ਪ੍ਰਤੀ ਏਕੜ 10 ਕਿਲੋ ਬੀਜ ਨਾਲ ਫਸਲ ਦੀ ਬਿਜਾਈ 20 ਜਨਵਰੀ ਤੋਂ 15 ਫਰਵਰੀ ਤੱਕ ਕਰੋ। ਪਿਛੇਤੀ ਬਿਜਾਈ ਕਾਰਨ, ਪਰਪ੍ਰਾਗਣ ਸਮੇਂ ਜ਼ਿਆਦਾ ਤਾਪਮਾਨ ਹੋਣ ਕਰਕੇ ਫਸਲ ਦਾ ਝਾੜ ਬਹੁਤ ਘੱਟ ਜਾਂਦਾ ਹੈ।

ਮੱਕੀ ਦੀ ਵਰਤੋਂ ਮਨੁੱਖੀ ਭੋਜਨ, ਪਸ਼ੂਆਂ ਅਤੇ ਪੋਲਟਰੀ ਪੰਛੀਆਂ ਦੀ ਫੀਡ, ਗਲੂਕੋਜ਼, ਸਟਾਰਚ ਅਤੇ ਸ਼ਰਾਬ ਬਣਾਉਣ ਲਈ ਵਰਤੀ ਜਾਂਦੀ ਹੈ। ਇਸ ਤੋਂ ਇਲਾਵਾ ਮੱਕੀ ਦੇ ਪੂਰੇ ਪੌਦੇ ਦੇ ਪੌਸ਼ਟਿਕ ਤੱਤਾਂ ਨੂੰ ਧਿਆਨ ਵਿਚ ਰੱਖਦਿਆਂ, ਇਹ ਭਾਰਤ ਦੇ ਵੱਖ-ਵੱਖ ਰਾਜਾਂ ਵਿਚ ਚਾਰੇ ਵਜੋਂ ਵਰਤੀ ਜਾਂਦੀ ਹੈ। ਪਿਛਲੇ ਕੁਝ ਸਾਲਾਂ ਤੋਂ ਖੇਤੀਬਾੜੀ ਆਰਥਿਕਤਾ ਦੇ ਵੱਧ ਰਹੇ ਵਪਾਰਕ ਰੁਝਾਨ ਅਤੇ ਖੇਤੀ ਵਿਭਿੰਨਤਾ ਦੇ ਕਾਰਨ ਮੱਕੀ ਦੇ ਉਤਪਾਦਨ ਵਿੱਚ ਬਹੁਤ ਤਬਦੀਲੀਆਂ ਆਈਆਂ ਹਨ। ਕੁੱਲ ਤਿਆਰ ਕੀਤੀ ਜਾਂਦੀ ਮੱਕੀ ਦਾ 35 ਪ੍ਰਤੀਸ਼ਤ ਮਨੁੱਖੀ ਖੁਰਾਕ, 25 ਪ੍ਰਤੀਸ਼ਤ ਪਸ਼ੂਆਂ/ਪੋਲਟਰੀ ਫੀਡ ਅਤੇ ਖੁਰਾਕ ਪ੍ਰੋਸੈਸਿੰਗ (ਛੱਲੀਆਂ/ਪੌਪਕੋਰਨ/ਸੂਪ) ਵਿੱਚ 15 ਪ੍ਰਤੀਸ਼ਤ ਅਤੇ ਹੋਰ ਉਦਯੋਗ (ਸਟਾਰਚ, ਡੈਕਸਟਰੋਜ਼, ਮੱਕੀ ਦਾ ਰਸ/ਤੇਲ) ਦੀ ਵਰਤੋਂ ਕੀਤੀ ਜਾਂਦੀ ਹੈ। ਪੰਜਾਬ ਬਹਾਰ ਰੁੱਤ ਦੀ ਮੱਕੀ ਦੀ ਕਾਸ਼ਤ ਲਗਭਗ 5.5 ਹਜ਼ਾਰ ਹੈਕਟੇਅਰ ਵਿਚ ਕੀਤੀ ਗਈ ਸੀ ਅਤੇ ਔਸਤਨ ਝਾੜ 16.0 ਕੁਇੰਟਲ ਪ੍ਰਤੀ ਏਕੜ ਰਿਹਾ ਸੀ ਜੋ ਕਿ ਆਸ, ਤੋਂ ਬਹੁਤ ਘੱਟ ਹੈ। ਔਸਤਨ ਝਾੜ ਘੱਟ ਹੋਣ ਦੇ ਕਈ ਕਾਰਨ ਹਨ, ਜਿਵੇਂ ਕਿ ਕਿਸਮ ਦੀ ਗਲਤ ਚੋਣ, ਬਿਜਾਈ, ਨਦੀਨਾਂ, ਕੀੜੇ ਅਤੇ ਬਿਮਾਰੀਆਂ ਦੀ ਰੋਕਥਾਮ ਸਮੇਂ ਸਿਰ ਨਾ ਹੋਣਾ।

**ਖਾਦਾਂ ਦੀ ਮਾਤਰਾ** : ਖਾਦ ਦੀ ਵਰਤੋਂ ਮਿੱਟੀ ਪਰਖ ਅਧਾਰ ਤੇ ਹੀ ਕਰੋ। ਜੇ ਜ਼ਮੀਨ ਦੀ ਪਰਖ ਨਾ ਕਰਵਾਈ ਹੋਵੇ ਤਾਂ ਪੀ ਐਮ ਐਚ 7 ਨੂੰ 75 ਕਿਲੋ ਸੁਪਰਫਾਸਫੇਟ/27 ਕਿਲੋ ਡੀ ਏ ਪੀ ਅਤੇ ਦੂਸਰੀਆਂ ਕਿਸਮਾਂ ਨੂੰ 110 ਕਿਲੋ ਯੂਰੀਆ ਅਤੇ 150 ਕਿਲੋ ਸੁਪਰਫਾਸਫੇਟ/55 ਕਿਲੋ ਡੀ ਏ ਪੀ ਖਾਦ ਪਾਉ। ਸਾਰੀ ਫਾਸਫੋਰਸ/ਡੀ ਏ ਪੀ ਅਤੇ ਤੀਜਾ ਹਿੱਸਾ ਯੂਰੀਆ ਬਿਜਾਈ ਸਮੇਂ ਪਾਓ। ਬਾਕੀ ਰਹਿੰਦੀ ਯੂਰੀਆ ਦੋ ਬਰਾਬਰ ਹਿੱਸਿਆਂ ਵਿਚ ਪਾਓ। ਇਕ ਹਿੱਸਾ ਉਸ ਵੇਲੇ ਪਾਉ ਜਦ ਫਸਲ ਗੋਡੇ-ਗੋਡੇ ਹੋ ਜਾਵੇ ਅਤੇ ਦੂਸਰਾ ਹਿੱਸਾ ਬੂਰ ਪੈਣ ਤੋਂ ਪਹਿਲਾਂ ਪਾ ਦਿਓ।

**ਜ਼ਿੰਕ ਦੀ ਘਾਟ** : ਮੱਕੀ ਦੇ ਉੱਗਣ ਤੋਂ ਦੋ ਹਫਤਿਆਂ ਵਿਚਕਾਰ ਜ਼ਿੰਕ ਦੀ ਘਾਟ ਦੀਆਂ ਨਿਸ਼ਾਨੀਆਂ ਨਜ਼ਰ ਆਉਣ ਲੱਗ ਪੈਂਦੀਆਂ ਹਨ। ਸ਼ੁਰੂ-ਸ਼ੁਰੂ ਵਿਚ ਬੂਟੇ ਤੋਂ ਉੱਪਰੋਂ ਦੂਜੇ ਜਾਂ ਤੀਜੇ ਪੱਤੇ ਦੇ ਮੁੱਢ ਵੱਲ ਸਫੇਦ ਜਾਂ ਹਲਕਾ ਪੀਲਾ ਪੱਟੀ ਨੁਮਾ ਧੱਬਾ ਪੈ ਜਾਂਦਾ ਹੈ ਅਤੇ ਮੁੱਖ ਨਾੜ ਦੇ ਦੋਹੀਂ ਪਾਸੀਂ ਲਾਲ ਰੰਗ ਦੀਆਂ ਧਾਰੀਆਂ ਪੈ ਜਾਂਦੀਆਂ ਹਨ। ਸਫੇਦ ਪੱਟੀ ਨੁਮਾ ਧੱਬਾ ਬਾਅਦ ਵਿਚ ਪੱਤੇ ਉੱਪਰਲੇ ਹਿੱਸੇ ਵੱਲ, ਮੁੱਖ ਨਾੜ ਦੇ ਸਮਾਨੰਤਰ, ਵਧਣਾ ਸ਼ੁਰੂ ਹੋ ਜਾਂਦਾ ਹੈ। ਜ਼ਿੰਕ ਦੀ ਘਾਟ ਕਾਰਨ ਬਾਬੂ ਝੰਡਿਆਂ ਦਾ ਬੂਰ ਅਤੇ ਛੱਲੀਆਂ ਦਾ ਸੂਤ ਦੇਰ ਨਾਲ ਨਿਕਲਦਾ ਹੈ। ਘਾਟ ਵਾਲੀਆਂ ਜ਼ਮੀਨਾਂ ਵਿਚ ਬਿਜਾਈ ਸਮੇਂ 10 ਕਿਲੋ ਜ਼ਿੰਕ ਸਲਫੇਟ ਹੈਪਟਾਹਾਈਡ੍ਰੇਟ (21%) ਜਾਂ 6.5 ਕਿਲੋ ਸਲਫੇਟ ਮੋਨੋਹਾਈਡ੍ਰੇਟ (33%) ਪ੍ਰਤੀ ਏਕੜ ਦੇ ਹਿਸਾਬ ਨਾਲ ਖੇਤ ਵਿਚ ਪਾਓ। ਜੇਕਰ ਜ਼ਿੰਕ ਸਲਫੇਟ ਦੀ ਵਰਤੋਂ ਬਿਜਾਈ ਸਮੇਂ ਨਾ ਕੀਤੀ ਗਈ ਹੋਵੇ ਅਤੇ ਮੱਕੀ ਦੀ ਫਸਲ ਵਿਚ ਜ਼ਿੰਕ ਦੀ ਘਾਟ ਦੀਆਂ ਨਿਸ਼ਾਨੀਆਂ ਨਜ਼ਰ ਆਉਣ ਤੇ ਵੀ ਜ਼ਿੰਕ ਦੀ ਉੱਪਰ ਦੱਸੀ ਮਾਤਰਾ ਨੂੰ ਬਰਾਬਰ ਮਾਤਰਾ ਵਿਚ ਮਿੱਟੀ ਵਿਚ ਰਲਾ ਕੇ ਮੱਕੀ ਦੀਆਂ ਕਤਾਰਾਂ ਦੇ ਨਾਲ-ਨਾਲ ਪਾਉ। ਜ਼ਿੰਕ ਪਾਉਣ ਉਪਰੰਤ ਗੋਡੀ ਕਰੋ ਅਤੇ ਬਾਅਦ ਵਿਚ ਪਾਣੀ ਲਾਉ। ਜੇ ਜ਼ਿੰਕ ਦੀ ਘਾਟ ਦਾ ਪਤਾ ਅਜਿਹੇ ਸਮੇਂ ਲੱਗੇ ਜਦੋਂ ਗੋਡੀ ਕਰਨੀ ਮੁਸ਼ਕਲ ਹੋਵੇ ਤਾਂ 1200 ਗ੍ਰਾਮ ਜ਼ਿੰਕ ਸਲਫੇਟ (ਹੈਪਟਾਹਾਈਡ੍ਰੇਟ), 600 ਗ੍ਰਾਮ ਅਣਬੁਝਿਆ ਚੂਨਾ ਜਾਂ 750 ਗ੍ਰਾਮ ਜ਼ਿੰਕ ਸਲਫੇਟ ਮੋਨੋਹਾਈਡ੍ਰੇਟ, 375 ਗ੍ਰਾਮ ਅਣਬੁਝਿਆ ਚੂਨਾ 200 ਲਿਟਰ ਪਾਣੀ ਵਿਚ ਘੋਲ ਕੇ ਸਪਰੇਅ ਕੀਤੀ ਜਾ ਸਕਦੀ ਹੈ।

**ਨਦੀਨਾਂ ਦੀ ਰੋਕਥਾਮ** : ਨਦੀਨਾਂ ਦੀ ਰੋਕਥਾਮ ਇਕ ਮਹੀਨੇ ਦੇ ਫਰਕ ਨਾਲ ਦੋ ਗੋਡੀਆਂ ਕਰਕੇ ਕੀਤੀ ਜਾ ਸਕਦੀ ਹੈ। ਪਹੀਏ ਵਾਲੀ ਸੁਧਰੀ ਹੋਈ ਤ੍ਰਿਫਾਲੀ ਨਾਲ ਗੋਡੀ ਸਸਤੀ ਪੈਂਦੀ ਹੈ।

**ਰਸਾਇਣਕ ਢੰਗ** : ਪ੍ਰਤੀ ਏਕੜ ਦੇ ਹਿਸਾਬ ਨਾਲ 800 ਗ੍ਰਾਮ ਐਟਰਾਟਾਫ 50 ਡਬਲਯੂ ਪੀ (ਐਟਰਾਜ਼ੀਨ) ਦਰਮਿਆਨੀਆਂ ਤੋਂ ਭਾਰੀਆ ਜ਼ਮੀਨਾਂ ਵਿਚ ਅਤੇ 500 ਗ੍ਰਾਮ ਹਲਕੀਆਂ ਜ਼ਮੀਨਾਂ ਵਿਚ ਬਿਜਾਈ ਤੋਂ 10 ਦਿਨਾਂ ਦੇ ਅੰਤਰ 200 ਲਿਟਰ ਪਾਣੀ ਵਿਚ ਘੋਲ ਕੇ ਛਿੜਕਾਅ ਕਰੋ ਜਾਂ 250 ਗ੍ਰਾਮ ਐਟਰਾਟਾਫ ਫਸਲ ਦੀਆਂ ਕਤਾਰਾਂ ਤੇ 20 ਸੈਂਟੀਮੀਟਰ ਚੌੜੀ ਪੱਟੀ ਵਿਚ ਛਿੜਕਾਅ ਕਰੋ ਅਤੇ ਕਤਾਰਾਂ ਵਿਚ ਬਾਕੀ ਰਹਿੰਦੀ ਜਗ੍ਹਾ ਦੀ 15-30 ਦਿਨਾਂ ਬਾਅਦ ਨਦੀਨਾਂ ਦੀ ਰੋਕਥਾਮ ਕਰਦੀ ਹੈ।

## ਮੁੱਖ ਕੀੜੇ

**ਮੱਕੀ ਦੀ ਸ਼ਾਖ ਦੀ ਮੱਖੀ** : ਇਹ ਬਹਾਰ ਰੁੱਤ ਦਾ ਬਹੁਤ ਨੁਕਸਾਨ ਕਰਦੀ ਹੈ। ਇਹ ਮੱਖੀ ਛੋਟੀ ਉਮਰ (3-7 ਦਿਨ) ਦੇ ਬੂਟਿਆਂ ਤੇ ਹਮਲਾ ਕਰਦੀ ਹੈ, ਜਿਸ ਨਾਲ ਬੂਟੇ ਬੇਢਵੇਂ ਅਤੇ ਝੁਰੜ-ਮੁਰੜ ਜਿਹੇ ਹੋ ਜਾਂਦੇ ਹਨ। ਪੱਤਿਆਂ ਤੇ ਮੋਰੀਆਂ ਹੋ ਜਾਂਦੀਆਂ ਹਨ ਅਤੇ ਬੂਟਿਆਂ ਦੀਆਂ ਗੋਭਾਂ ਸੁੱਕ ਜਾਂਦੀਆਂ ਹਨ। ਇਸ ਦੀ ਰੋਕਥਾਮ ਲਈ ਬੀਜ ਦੀ ਗਾਰੇ (ਇਮੀਡਾਕਲੋਪਰਿਡ) 600 ਐਫ ਐਸ ਦਵਾਈ 6 ਮਿਲੀਲਿਟਰ ਪ੍ਰਤੀ ਕਿਲੋ ਬੀਜ ਦੇ ਹਿਸਾਬ ਨਾਲ ਸੋਧ ਲਉ। ਜੇਕਰ ਬੀਜ ਦੀ ਸੋਧ ਨਾ ਹੋ ਸਕੇ ਤਾਂ 5 ਕਿਲੋ ਫਿਊਰਾਡਾਨ 3 ਜੀ (ਕਾਰਬੋਫਿਊਰਾਡਾਨ) ਜਾਂ 4 ਕਿਲੋ ਥਿਮਟ 10 ਜੀ (ਫੋਰੇਟ) ਕਿਲੋ ਪ੍ਰਤੀ ਏਕੜ ਦੇ ਹਿਸਾਬ ਨਾਲ ਬਿਜਾਈ ਵੇਲੇ ਸਿਆੜਾਂ ਵਿੱਚ ਪਾਉ।

**ਤੇਲਾ, ਥਰਿਪ, ਕਮਾਦ ਦਾ ਘੋੜਾ, ਸਲੇਟੀ ਭੂੰਡੀ ਅਤੇ ਪੱਤੇ ਖਾਣ ਵਾਲੇ ਹੋਰ ਕੀੜੇ** : ਇਹ ਕੀੜੇ ਮਾਰਚ ਤੋਂ ਮਈ ਤੱਕ ਫਸਲ ਦਾ ਬਹੁਤ ਨੁਕਸਾਨ ਕਰਦੇ ਹਨ, ਜਿਸ ਕਾਰਨ ਪੱਤੇ ਪੀਲੇ ਪੈ ਜਾਂਦੇ ਹਨ। ਫਸਲ ਨੂੰ ਕੀੜਿਆਂ ਤੋਂ ਬਚਾਉਣ ਲਈ ਫਸਲ ਦੀ ਬਿਜਾਈ ਸਮੇਂ ਸਿਰ ਕਰੋ ਅਤੇ ਫਸਲ ਦੀ ਬਿਜਾਈ ਲਸਣ ਅਤੇ ਪਿਆਜ਼ ਦੀ ਫਸਲ ਦੇ ਨੇੜੇ ਨਾ ਕਰੋ। ਸਿਫਾਰਿਸ਼ ਕੀਤੀ ਮਾਤਰਾ ਤੋਂ ਵੱਧ ਯੂਰੀਆ ਖਾਦ ਨਾ ਪਾਉ।

**ਸੈਨਿਕ ਸੁੰਡੀ ਅਤੇ ਛੱਲੀਆਂ ਦਾ ਸੂਤ ਕੁਤਰੂ** : ਇਹ ਕੀੜਾ ਨਰਮ ਪੱਤਿਆਂ ਨੂੰ ਨਾੜ ਸਮੇਤ ਖਾਂਦਾ ਹੈ ਅਤੇ ਪੱਤਿਆਂ ਉਪਰ ਪਈਆਂ ਛੋਟੀਆਂ ਛੋਟੀਆਂ ਵਿੱਠਾਂ ਤੋਂ ਇਸ ਕੀੜੇ ਦੀ ਹੋਂਦ ਵਿੱਚ ਪਤਾ ਲਗਦਾ ਹੈ। ਇਸ ਕੀੜੇ ਦਾ ਹਮਲਾ ਖੇਤ ਵਿਚ ਫਸਲ ਦੀਆਂ ਬਾਹਰਲੀਆਂ ਕਤਾਰਾਂ ਜੋ ਕਣਕ ਵਾਲੇ ਖੇਤ ਨਾਲ ਲਗਦੀਆਂ ਹੋਣ ਵਧੇਰੇ ਹੁੰਦਾ ਹੈ। ਫਸਲ ਦੀ ਨਿਗਰਾਨੀ ਕਰਦੇ ਰਹੋ ਅਤੇ ਸੁੰਡੀਆਂ ਨੂੰ ਇਕੱਠੇ ਕਰਕੇ ਖਤਮ ਕਰਦੇ ਰਹੋ।

**ਫਾਲ ਆਰਮੀਵਰਮ** : ਛੋਟੀਆਂ ਸੁੰਡੀਆਂ ਪੱਤਿਆਂ ਨੂੰ ਖੁਰਚ ਕੇ ਖਾਂਦੀਆਂ ਹਨ ਅਤੇ ਵੱਡੀਆਂ ਸੁੰਡੀਆਂ ਗੋਭ ਦੇ ਪੱਤੇ ਵਿਚ ਗੋਲ ਤੋਂ ਅੰਡਾਕਾਰ ਮੋਰੀਆਂ ਬਣਾਉਂਦੀਆਂ ਹਨ। ਸੁੰਡੀਆਂ ਗੋਭ ਨੂੰ ਪੂਰੀ ਤਰ੍ਹਾਂ ਖਾ ਕੇ ਭਾਰੀ ਮਾਤਰਾ ਵਿਚ ਵਿੱਠਾਂ ਕਰਦੀਆਂ ਹਨ। ਸੁੰਡੀ ਦੇ ਸਿਰ ਵਾਲੇ ਪਾਸੇ ਚਿੱਟੇ ਰੰਗ ਦਾ ਅੰਗਰੇਜ਼ੀ ਦੇ ਅੱਖਰ 'Y' ਦੇ ਉਲਟੇ ਨਿਸ਼ਾਨ ਅਤੇ ਪਿਛਲੇ ਸਿਰੇ ਦੇ ਲਾਗੇ ਚੌਰਸਾਕਾਰ ਚਾਰ ਬਿੰਦੂਆਂ ਤੋਂ ਹੁੰਦੀ ਹੈ।

★ ਬਿਜਾਈ ਸਿਫਾਰਸ਼ ਸਮੇਂ ਅਨੁਸਾਰ ਕਰੋ ਅਤੇ ਨੇੜੇ ਵਾਲੇ ਖੇਤਾਂ ਵਿੱਚ ਬਿਜਾਈ ਥੋੜ੍ਹੇ-ਥੋੜ੍ਹੇ ਵਕਫੇ ਤੇ ਨਾ ਕਰੋ ਤਾਂ ਜੋ ਕੀੜੇ ਦਾ ਫੈਲਾਅ ਘਟਾਇਆ ਜਾ ਸਕੇ।

★ 0.4 ਮਿ.ਲੀ. ਕੋਰਾਜਨ 18.5 ਐਸ ਸੀ (ਕਲੋਰਐਂਟਰਾਨਿਲੀਪਰੋਲ*) ਜਾਂ 0.5 ਮਿ.ਲੀ. ਡੈਲੀਗੇਟ 11.7 ਐਸ ਸੀ (ਸਪਾਈਨੇਟੋਰਮ) ਜਾਂ 0.4 ਗ੍ਰਾਮ ਮਿਜ਼ਾਈਲ 5 ਐਸ ਜੀ (ਐਮਾਮੈਕਟਿਨ ਬੈਂਜ਼ੋਏਟ) ਪ੍ਰਤੀ ਲਿਟਰ ਪਾਣੀ ਵਿਚ ਘੋਲ ਕੇ ਛਿੜਕਾਅ ਕਰੋ। 20 ਦਿਨਾਂ ਤੱਕ ਦੀ ਫਸਲ ਲਈ 120 ਲਿਟਰ ਪਾਣੀ ਪ੍ਰਤੀ ਏਕੜ ਵਰਤੋ। ਇਸ ਤੋਂ ਬਾਅਦ, ਫਸਲ ਦੇ ਵਾਧੇ ਅਨੁਸਾਰ ਪਾਣੀ ਦੀ ਮਾਤਰਾ 200 ਲਿਟਰ ਪਾਣੀ ਪ੍ਰਤੀ ਏਕੜ ਤੱਕ ਵਧਾਉ ਅਤੇ ਪਾਣੀ ਦੇ ਨਾਲ ਨਾਲ ਉੱਪਰ ਦੱਸੇ ਕੀਟਨਾਸ਼ਕਾਂ ਦੀ ਮਾਤਰਾ ਵੀ ਉਸੇ ਅਨੁਪਾਤ ਵਿਚ ਵਧਾਉ। ਸਫਲ ਰੋਕਥਾਮ ਲਈ ਛਿੜਕਾਅ ਮੱਕੀ ਦੀ ਗੋਭ ਵੱਲ ਨੂੰ ਕਰੋ।

★ ਜੇ ਹਮਲਾ ਧੋੜੀਆਂ ਵਿਚ ਹੋਵੇ ਜਾਂ ਫਸਲ 40 ਦਿਨਾਂ ਤੋਂ ਵੱਡੀ ਹੋਵੇ ਅਤੇ ਛਿੜਕਾਅ ਵਿਚ ਮੁਸ਼ਕਲ ਹੋਵੇ ਤਾਂ ਮਿੱਟੀ ਅਤੇ ਕੀਟਨਾਸ਼ਕ ਦੇ ਮਿਸ਼ਰਣ (ਲਗਭਗ ਅੱਧਾ ਗ੍ਰਾਮ) ਨੂੰ ਹਮਲੇ ਵਾਲੀਆਂ ਗੋਭਾਂ ਵਿਚ ਪਾ ਕੇ ਫਾਲ ਆਰਮੀਵਰਮ ਦੀ ਰੋਕਥਾਮ ਕੀਤੀ ਜਾ ਸਕਦੀ ਹੈ। ਮਿਸ਼ਰਣ ਬਣਾਉਣ ਲਈ 5 ਮਿਲੀਲਿਟਰ ਕੋਰਾਜਨ 18.5 ਐਸ ਸੀ (ਕਲੋਰਐਂਟਰਾਨਿਲੀਪਰੋਲ*) ਜਾਂ 0.5 ਮਿ.ਲੀ. ਡੈਲੀਗੇਟ 11.7 ਐਸ ਸੀ (ਸਪਾਈਨੇਟੋਰਮ) ਜਾਂ 5 ਗ੍ਰਾਮ ਮਿਜ਼ਾਈਲ 5 ਐਸ ਜੀ (ਐਮਾਮੈਕਟਿਨ ਬੈਂਜ਼ੋਏਟ) ਨੂੰ 10 ਮਿਲੀਲਿਟਰ ਪਾਣੀ ਵਿਚ ਘੋਲ ਕੇ ਇਕ ਕਿਲੋ ਮਿੱਟੀ ਵਿਚ ਚੰਗੀ ਤਰ੍ਹਾਂ ਮਿਲਾਓ।

**ਸਾਵਧਾਨੀ** : ਮਿਸ਼ਰਣ ਬਣਾਉਣ ਅਤੇ ਪਾਉਣ ਸਮੇਂ ਦਸਤਾਨੇ ਜ਼ਰੂਰ ਪਾਓ।

## ਬਿਮਾਰੀਆਂ

**ਬੀਜ ਗਲਣਾ ਅਤੇ ਪੁੰਗਾਰ ਦਾ ਝੁਲਸ ਰੋਗ** : ਇਸ ਬਿਮਾਰੀ ਕਾਰਣ ਬੀਜ ਘੱਟ ਉੱਗਦਾ ਹੈ। ਬੂਟਿਆਂ ਦਾ ਵਾਧਾ ਰੁਕ ਜਾਂਦਾ ਅਤੇ ਛੋਟੇ ਪੌਦੇ ਮਰਨੇ ਸ਼ੁਰੂ ਹੋ ਜਾਂਦੇ ਹਨ। ਫਸਲ ਨੂੰ ਬਿਮਾਰੀ ਤੋਂ ਬਚਾਉਣ ਲਈ ਬਿਮਾਰੀ ਰਹਿਤ ਬੀਜ ਅਤੇ ਬਿਮਾਰੀ ਦਾ ਟਾਕਰਾ ਕਰਨ ਵਾਲੀਆਂ ਪ੍ਰਮਾਣਿਤ ਕਿਸਮਾਂ ਦੀ ਬਿਜਾਈ ਕਰੋ। ਬਿਮਾਰੀ ਵਾਲੇ ਬੂਟਿਆਂ ਨੂੰ ਪੁੱਟ ਕੇ ਨਸ਼ਟ ਕਰਦੇ ਰਹੋ।

**ਪਿਛੇਤਾ ਮੁਰਝਾਉਣਾ** : ਬਿਮਾਰੀ ਦੇ ਹਮਲੇ ਵਾਲੇ ਟਾਂਡੇ ਸੁੱਕਣ ਦੇ ਨਤੀਜੇ ਵਜੋਂ ਬਾਬੂ ਝੰਡੇ ਨਿਕਲਣ ਤੋਂ ਬਾਅਦ ਪੌਦਾ ਮੁਰਝਾਅ ਜਾਂਦਾ ਹੈ ਅਤੇ ਤਣਾ ਕਮਜ਼ੋਰ ਹੋ ਜਾਂਦਾ ਹੈ। ਬਾਬੂ ਝੰਡੇ ਆਉਣ

ਬਾਕੀ ਸਫਾ 6 'ਤੇ




# ਕਣਕ ਦੀਆਂ ਬਿਮਾਰੀਆਂ ਦੀ ਸਫਲ ਰੋਕਥਾਮ

ਜਸਪਾਲ ਕੌਰ, ਰਜਿੰਦਰ ਸਿੰਘ ਬੱਲ ਅਤੇ ਅਮਰਜੀਤ ਸਿੰਘ,
ਪਲਾਂਟ ਬਰੀਡਿੰਗ ਅਤੇ ਜੈਨੇਟਿਕਸ ਵਿਭਾਗ, ਪੀ. ਏ. ਯੂ., ਲੁਧਿਆਣਾ
(ਮੋ. 97791-29665)

**ਕਣਕ ਪੰਜਾਬ ਦੀ ਇਕ ਮਹੱਤਵਪੂਰਨ ਹਾੜੀ ਦੀ ਫਸਲ ਹੈ । ਹਰ ਸਾਲ ਵੱਖ-ਵੱਖ ਬਿਮਾਰੀਆਂ ਜਿਵੇਂ ਕਿ ਕੁੰਗੀ (ਪੀਲੀ ਅਤੇ ਭੂਰੀ), ਕਾਂਗਿਆਰੀ, ਪੱਤਿਆਂ ਦੀ ਕਾਂਗਿਆਰੀ, ਕਾਲੀ ਨੋਕ ਅਤ ਕਰਨਾਲ ਬੰਟ ਆਦਿ ਦਾ ਹਮਲਾ ਫਸਲ ਤੇ ਹੁੰਦਾ ਹੈ ਜਿਸ ਕਰਕੇ ਝਾੜ ਤੇ ਮਾੜਾ ਅਸਰ ਪੈਂਦਾ ਹੈ । ਜੇਕਰ ਬਿਮਾਰੀ ਦਾ ਟਾਕਰਾ ਨਾ ਕਰਨ ਵਾਲੀ ਕਿਸਮ ਬੀਜੀ ਹੋਵੇ, ਮੌਸਮ ਦੀਆਂ ਹਾਲਾਤਾਂ ਬਿਮਾਰੀ ਦੇ ਵਿਕਾਸ ਲਈ ਅਨੁਕੂਲ ਹੋਣ ਅਤੇ ਸਮੇਂ ਸਿਰ ਬਿਮਾਰੀ ਦੀ ਰੋਕਥਾਮ ਨਾ ਕੀਤੀ ਗਈ ਹੋਵੇ, ਤਾਂ ਬਿਮਾਰੀ ਦੀ ਗੰਭੀਰਤਾ ਹੋਰ ਵੀ ਵੱਧ ਸਕਦੀ ਹੈ । ਬਿਮਾਰੀਆਂ ਦੀ ਆਮਦ ਦਾ ਸਮਾਂ, ਸਹੀ ਪਛਾਣ ਅਤੇ ਰੋਕਥਾਮ ਲਈ ਢੰਗ ਤਰੀਕਿਆਂ ਬਾਰੇ ਜਾਣਕਾਰੀ ਕਿਸਾਨਾਂ ਤੱਕ ਪਹਿਲਾਂ ਹੀ ਪਹੁੰਚਣੀ ਚਾਹੀਦੀ ਹੈ । ਇਸ ਲਈ ਪੰਜਾਬ ਦੀ ਮੁੱਖ ਫਸਲ ਕਣਕ ਦੀਆਂ ਵੱਖ-ਵੱਖ ਬਿਮਾਰੀਆਂ ਬਾਰੇ ਸੰਖੇਪ ਜਾਣਕਾਰੀ ਹੇਠਾਂ ਦਿੱਤੀ ਗਈ ਹੈ :**

**ਪੀਲੀ ਕੁੰਗੀ** : ਪੰਜਾਬ ਵਿਚ, ਖਾਸ ਕਰਕੇ ਨੀਮ ਪਹਾੜੀ ਖੇਤਰਾਂ ਵਿਚ ਕਣਕ ਦੀ ਪੀਲੀ ਕੁੰਗੀ ਇਕ ਵੱਡਾ



ਖਤਰਾ ਹੈ । ਜੇਕਰ ਇਸ ਨੂੰ ਸਮੇਂ ਸਿਰ ਨਾ ਰੋਕਿਆ ਜਾਵੇ ਤਾਂ ਇਸ ਕਰਕੇ ਬਹੁਤ ਵੱਡੇ ਪੈਮਾਨੇ ਉੱਤੇ ਨੁਕਸਾਨ ਹੋ ਸਕਦਾ ਹੈ । ਇਹ ਬਿਮਾਰੀ ਇਕ ਉੱਲੀ ਕਰਕੇ ਹੁੰਦੀ ਹੈ । ਹਰ ਸਾਲ ਆਮ ਤੌਰ 'ਤੇ ਇਸ ਬਿਮਾਰੀ ਪਹਿਲੀ ਆਮਦ ਨੀਮ ਪਹਾੜੀ ਖੇਤਰਾਂ ਵਿਚ ਦਿਸਦੀ ਹੈ ਖਾਸ ਕਰਕੇ ਰੂਪਨਗਰ ਅਤੇ ਸ਼ਹੀਦ ਭਗਤ ਸਿੰਘ ਨਗਰ । ਪੀਲੀ ਕੁੰਗੀ ਦੇ ਹਮਲੇ ਕਾਰਨ ਪੱਤਿਆਂ ਤੇ ਪੀਲੇ ਧੱਬੇ ਲੰਮੀਆਂ ਧਾਰੀਆਂ ਦੇ ਰੂਪ ਵਿਚ ਦਿਖਾਈ ਦਿੰਦੇ ਹਨ ਜਿਨ੍ਹਾਂ ਤੇ ਪੀਲਾ ਹਲਦੀਨੁਮਾ ਧੂੜਾ ਨਜ਼ਰ ਆਉਂਦਾ ਹੈ । ਸੰਵੇਦਨਸ਼ੀਲ ਕਿਸਮਾਂ ਉਪਰ ਜੇਕਰ ਇਸ ਬਿਮਾਰੀ ਨੂੰ ਰੋਕਣ ਲਈ ਸਹੀ ਸਮੇਂ ਤੇ ਕਾਰਵਾਈ ਨਾ ਕੀਤੀ ਜਾਵੇ ਤਾਂ ਇਸ ਨਾਲ ਬਹੁਤ ਵੱਡੇ ਪੈਮਾਨੇ ਉੱਤੇ ਹਾਨੀ ਹੋ ਸਕਦੀ ਹੈ । ਇਸ ਨੂੰ ਰੋਕਣ ਦਾ ਸਭ ਤੋਂ ਚੰਗਾ ਹੱਲ ਬਿਮਾਰੀ ਦਾ ਟਾਕਰਾ ਕਰਨ ਵਾਲੀਆਂ ਕਿਸਮਾਂ ਦੀ ਕਾਸ਼ਤ ਹੈ ਜਿਵੇਂ ਕਿ ਪੀ ਬੀ ਡਬਲਯੂ ਜ਼ਿੰਕ 2, ਪੀ ਬੀ ਡਬਲਯੂ ਆਰ ਐਸ 1, ਪੀ ਬੀ ਡਬਲਯੂ 725, ਉੱਨਤ ਪੀ ਬੀ ਡਬਲਯੂ 550, ਪੀ ਬੀ ਡਬਲਯੂ 752, ਪੀ ਬੀ ਡਬਲਯੂ 757 ਆਦਿ । ਹੁਣ ਸਮੇਂ ਸਿਰ ਬੀਜੀ ਜਾਣ ਵਾਲੀ ਫਸਲ ਦੀ ਬਿਜਾਈ ਹੋ ਚੁੱਕੀ ਹੈ, ਇਸ ਸਮੇਂ ਪੀਲੀ ਕੁੰਗੀ ਦੀ ਪਹਿਲੀ ਆਮਦ ਦਾ ਪਤਾ ਲਗਾਉਣ ਲਈ ਆਪਣੇ ਖੇਤਾਂ ਦੀ ਨਿਯਮਤ ਨਿਗਰਾਨੀ ਸ਼ੁਰੂ ਕਰ ਦੇਣੀ ਚਾਹੀਦੀ ਹੈ । ਜਦੋਂ ਹੀ ਖੇਤ ਵਿਚ ਬਿਮਾਰੀ ਦਿਸੇ, ਤਾਂ ਫੌਰਨ ਕਿਸੇ ਵੀ ਸਿਫਾਰਸ਼ ਕੀਤੇ ਉੱਲੀਨਾਸ਼ਕ ਦਾ ਛਿੜਕਾਅ ਕਰੋ, ਅਤੇ ਛਿੜਕਾਅ ਦੇ ਬਾਅਦ ਵੀ ਨਿਗਰਾਨੀ ਜਾਰੀ ਰੱਖੋ । ਜ਼ਰੂਰਤ ਪੈਣ ਤੇ ਉੱਲੀਨਾਸ਼ਕਾਂ ਦਾ ਛਿੜਕਾਅ 15 ਦਿਨ ਬਾਅਦ ਦੁਹਰਾਇਆ ਜਾ ਸਕਦਾ ਹੈ । ਇਨ੍ਹਾਂ ਉੱਲੀਨਾਸ਼ਕਾਂ ਨੂੰ 200 ਲੀਟਰ ਪਾਣੀ ਵਿਚ ਘੋਲ ਕੇ ਪ੍ਰਤੀ ਏਕੜ ਦੇ ਹਿਸਾਬ ਨਾਲ ਛਿੜਕਾਅ ਕਰਨਾ ਚਾਹੀਦਾ ਹੈ ਤਾਂ ਜੋ ਬਿਮਾਰੀ ਦੀ ਸਹੀ ਢੰਗ ਨਾਲ ਰੋਕਥਾਮ ਹੋ ਸਕੇ ।

| ਕਣਕ ਦੀ ਪੀਲੀ ਕੁੰਗੀ ਦੀ ਰੋਕਥਾਮ ਲਈ ਸਿਫਾਰਸ਼ ਕੀਤੇ ਉੱਲੀਨਾਸ਼ਕ | | | |
|---|---|---|---|
| ਨਾਮ | ਕਿਰਿਆਸ਼ੀਲ ਤੱਤ | ਮਾਤਰਾ/ਏਕੜ | ਮਾਤਰਾ/ਲੀਟਰ ਪਾਣੀ |
| ਤਾਕਤ 75 ਡਬਲਯੂ ਪੀ | ਕੈਪਟਾਨ+ਹੈਕਸਾਕੋਨਾਜ਼ੋਲ | 300 ਗ੍ਰਾਮ | 1.5 ਗ੍ਰਾਮ |
| ਕੈਵੀਅਟ 25 ਡਬਲਯੂ ਜੀ | ਟੈਬੂਕੋਨਾਜ਼ੋਲ | 200 ਗ੍ਰਾਮ | 1.0 ਗ੍ਰਾਮ |
| ਨਟੀਵੋ 75 ਡਬਲਯੂ ਜੀ | (ਟ੍ਰਾਈਫਲੋਕਸੀਸਟ੍ਰੋਬਿਨ+ਟੇਬੂਕੋਨਾਜ਼ੋਲ) | 120 ਗ੍ਰਾਮ | 0.6 ਗ੍ਰਾਮ |
| ਐਮਪੈਕਟ ਐਕਸਟਰਾ 25.5 ਐਸ ਸੀ | ਐਜ਼ੋਕਸੀਸਟ੍ਰੋਬਿਨ+ਸਾਇਪਰਾਕੋਨਾਜ਼ੋਲ | 200 ਮਿ.ਲਿ. | 1.0 ਮਿ.ਲੀ. |
| ਓਪੇਰਾ 18.3 ਐਸ ਈ | ਪਾਈਰੈਕਲੋਸਟ੍ਰੋਬਿਨ+ਈਪਿਕਸੀਕੋਨਾਜ਼ੋਲ | 200 ਮਿ.ਲਿ. | 1.0 ਮਿ.ਲਿ. |
| ਕਸਟੋਡੀਆ 320 ਐਸ ਸੀ | ਐਜ਼ੋਕਸੀਸਟ੍ਰੋਬਿਨ+ਟੇਬੂਕੋਨਾਜ਼ੋਲ | 200 ਮਿ.ਲਿ. | 1.0 ਮਿ.ਲਿ. |
| ਟਿਲਟ 25 ਈ ਸੀ/ਸ਼ਾਈਨ 25 ਈ ਸੀ/ਬੰਪਰ 25 ਈਸੀ/ ਸਟਿਲਟ 25 ਈਸੀ/ਕੰਪਾਸ 25 ਈਸੀ/ਮਾਰਕਜ਼ੋਲ 25 ਈਸੀ | ਪ੍ਰੋਪੀਕੋਨਾਜ਼ੋਲ | 200 ਮਿ.ਲਿ. | 1.0 ਮਿ.ਲਿ. |

**ਭੂਰੀ ਕੁੰਗੀ** : ਇਸ ਬਿਮਾਰੀ ਦਾ ਕਾਰਣ ਵੀ ਇਕ ਉੱਲੀ ਹੈ, ਜੋ ਪੱਤਿਆਂ ਉੱਤੇ ਗੋਲ, ਸੰਤਰੀ ਰੰਗ ਦੇ ਪਾਊਡਰ ਵਰਗੇ ਧੱਬੇ ਬਣਾਉਂਦੀ ਹੈ, ਜਿਹੜੇ ਕਿ ਅਨਿਯਮਤ ਤੌਰ 'ਤੇ ਜਾਂ ਝੁੰਡਾਂ ਵਿਚ ਹੁੰਦੇ ਹਨ । ਇਹ ਬਿਮਾਰੀ ਆਮ ਤੌਰ 'ਤੇ ਫਰਵਰੀ ਮਾਰਚ ਵਿਚ ਦਿਸਦੀ ਹੈ । ਬਿਮਾਰੀ ਦਾ ਟਾਕਰਾ ਕਰਨ ਵਾਲੀਆਂ ਕਿਸਮਾਂ ਦੀ ਕਾਸ਼ਤ ਕਰਨਾ ਸਭ ਤੋਂ ਸਸਤਾ, ਵਾਤਾਵਰਣ ਪੱਖੀ ਅਤੇ ਸੁਰੱਖਿਅਤ ਤਰੀਕਾ ਹੈ । ਪਰ ਜੇਕਰ ਬਿਮਾਰੀ ਦਾ ਟਾਕਰਾ ਕਰਨ ਵਾਲੀਆਂ ਕਿਸਮਾਂ ਦੀ ਬਿਜਾਈ ਨਾ ਕੀਤੀ ਗਈ ਹੋਵੇ ਅਤੇ ਫਸਲ ਤੇ ਬਿਮਾਰੀ ਦਾ ਹਮਲਾ ਹੋ ਜਾਵੇ ਤਾਂ 200 ਮਿ.ਲਿ. ਟਿਲਟ 25 ਈ ਸੀ/ਸ਼ਾਈਨ 25 ਈ ਸੀ/ਕੰਪਾਸ 25 ਈ ਸੀ/ਮਾਰਕਜ਼ੋਲ 25 ਈ ਸੀ (ਪ੍ਰੋਪੀਕੋਨਾਜ਼ੋਲ) ਨੂੰ 200 ਲਿਟਰ ਪਾਣੀ ਵਿਚ ਘੋਲ ਕੇ ਪ੍ਰਤੀ ਏਕੜ ਦੇ ਹਿਸਾਬ ਨਾਲ ਬਿਮਾਰੀ ਦੇ ਦਿਖਾਈ ਦੇਣ 'ਤੇ ਛਿੜਕਾਅ ਕਰੋ । ਜੇ ਲੋੜ ਹੋਵੇ ਤਾਂ ਉੱਲੀਨਾਸ਼ਕਾਂ ਦਾ ਛਿੜਕਾਅ 15 ਦਿਨ ਬਾਅਦ ਦੁਹਰਾਇਆ ਵੀ ਜਾ ਸਕਦਾ ਹੈ ।

**ਸਿੱਟਿਆਂ ਦੀ ਕਾਂਗਿਆਰੀ** : ਇਸ ਬਿਮਾਰੀ ਦੀ ਕਾਰਕ ਉੱਲੀ ਸਿੱਟਿਆਂ ਨੂੰ ਬਿਲਕੁਲ ਤਬਾਹ ਕਰ ਦਿੰਦੀ ਹੈ ਅਤੇ ਉਨ੍ਹਾਂ ਅੰਦਰ ਦਾਣਿਆਂ ਦੀ ਥਾਂ ਕਾਲਾ ਧੂੜਾ ਬਣ ਜਾਂਦਾ ਹੈ । ਇਹ ਉੱਲੀ ਬੀਜ ਵਿਚ ਜ਼ਿੰਦਾ ਰਹਿੰਦੀ ਹੈ ਅਤੇ ਜਦੋਂ ਇਹ ਬੀਜ ਬੀਜਿਆ ਜਾਂਦਾ ਹੈ ਤਾਂ ਇਹ ਉੱਲੀ ਫਸਲ ਦੇ ਨਾਲ ਨਾਲ ਵੱਧਦੀ ਹੈ ਤੇ ਸਿੱਟਿਆਂ ਨੂੰ ਪ੍ਰਭਾਵਿਤ ਕਰਦੀ ਹੈ । ਇਹ ਬਿਮਾਰੀ ਇਕ ਖੇਤ ਤੋਂ ਦੂਜੇ ਖੇਤ ਵਿਚ ਹਵਾ

**ਬਾਕੀ ਸਫਾ 6 'ਤੇ**



# ਖੇਤੀ ਦੁਨੀਆਂ

ਪੰਜਾਬੀ ਖੇਤੀਬਾੜੀ ਸਪਤਾਹਿਕ

**KHETI DUNIYAN**

An Exclusive Agricultural Weekly

ਰਜਿਸਟਰਡ ਆਫਿਸ :
9-ਏ, ਅਜੀਤ ਨਗਰ,
ਪਟਿਆਲਾ

ਮਾਰਕੀਟਿੰਗ ਆਫਿਸ :
ਕੇ.ਡੀ. ਕੰਪਲੈਕਸ, ਗਊਸ਼ਾਲਾ ਰੋਡ,
ਨੇੜੇ ਸ਼ੇਰ-ਏ-ਪੰਜਾਬ ਮਾਰਕੀਟ,
ਪਟਿਆਲਾ-147001
ਫੋਨ : 0175-2214575, ਮੋ.90410-14575
ਈ-ਮੇਲ : khetiduniyan1983@gmail.com

www.khetiduniyan.in

ਸਾਲ 42 ਅੰਕ 51
ਮਿਤੀ 21-12-2024

ਐਡੀਟਰ
ਜਗਪ੍ਰੀਤ ਸਿੰਘ

ਮਾਰਕੀਟਿੰਗ ਦਫਤਰ
ਪਟਿਆਲਾ
ਫੋਨ : 0175-2214575
ਮੁੰਬਈ
ਦਿੱਲੀ
ਲੁਧਿਆਣਾ
ਬਠਿੰਡਾ



ਸੰਪਾਦਕੀ ਬੋਰਡ
ਡਾ. ਡੀ.ਡੀ. ਨਾਰੰਗ
ਡਾ. ਰਣਜੀਤ ਸਿੰਘ
ਡਾ. ਸਵਰਨ ਸਿੰਘ ਮਾਨ
ਡਾ. ਅਮਨਪ੍ਰੀਤ ਸਿੰਘ ਬਰਾੜ
ਜਗਜੀਤ ਸਿੰਘ ਛੱਤਰਾ
ਡਾ. ਵਰਿੰਦਰ ਲਾਠਰ



ਕੰਪੋਜ਼ਿੰਗ
ਏਕਤਾ ਕੰਪਿਊਟਰਜ਼, ਪਟਿਆਲਾ



ਨੋਟ

★ ਖੇਤੀ ਦੁਨੀਆਂ ਵਿੱਚ ਛਪਣ ਵਾਲੇ ਲੇਖਾਂ, ਇਸ਼ਤਿਹਾਰਾਂ, ਕਿਸਾਨਾਂ ਦੇ ਵਿਚਾਰਾਂ ਨਾਲ ਸੰਪਾਦਕ ਦੀ ਸਹਿਮਤੀ ਜ਼ਰੂਰੀ ਨਹੀਂ ਹੈ। ਅਦਾਰਾ ਖੇਤੀ ਦੁਨੀਆਂ ਕਿਸੇ ਪੱਖੋਂ ਵੀ ਜ਼ਿੰਮੇਵਾਰ ਨਹੀਂ ਹੈ।

★ ਸਿਫਾਰਿਸ਼ ਕੀਤੀਆਂ ਦਵਾਈਆਂ ਦੀ ਮਾਤਰਾ ਭਾਵੇਂ ਮਾਹਿਰਾਂ ਵੱਲੋਂ ਸਿਫਾਰਿਸ਼ ਕੀਤੀ ਹੁੰਦੀ ਹੈ, ਪਰੰਤੂ ਫਿਰ ਵੀ ਆਪਣੇ ਨਜ਼ਦੀਕੀ ਮਾਹਿਰ ਦੀ ਰਾਏ ਜ਼ਰੂਰ ਲਓ।

★ ਕਿਸੇ ਵੀ ਪ੍ਰਕਾਰ ਦਾ ਕਾਨੂੰਨੀ ਨਿਪਟਾਰਾ ਪਟਿਆਲਾ ਦੀ ਅਦਾਲਤ ਵਿੱਚ ਹੀ ਹੋਵੇਗਾ।



Editor, Printer & Publisher **JAGPREET SINGH**
Printed at **Vargenia Printers**, Sher-e-Punjab Market, Gaushala Road, PATIALA &
Published at Patiala for Prop. **JAGPREET SINGH**


# ਆਓ! ਖੇਤੀ ਧੰਦੇ ਵਿੱਚ ਵਿਭਿੰਨਤਾ ਅਤੇ ਨਵੀਨੀਕਰਨ ਨਾਲ ਆਮਦਨ ਵਧਾਈਏ

**ਸਮੇਂ ਦੀ ਲੋੜ ਹੈ ਕਿ ਫਸਲਾਂ ਦੀ ਕਾਸ਼ਤ ਦੇ ਨਾਲ-ਨਾਲ ਕੋਈ ਹੋਰ ਸਬੰਧਿਤ ਕਿੱਤੇ ਸ਼ੁਰੂ ਕਰਕੇ ਆਮਦਨ ਅਤੇ ਰੋਜ਼ਗਾਰ ਵਧਾਇਆ ਜਾਵੇ। ਫਸਲ ਦੇ ਖਰਾਬ ਹੋਣ ਦੀ ਸੂਰਤ ਵਿਚ ਇਹਨਾਂ ਤੋਂ ਪ੍ਰਾਪਤ ਆਮਦਨ ਨਾਲ ਮਾਲੀ ਸਹਾਇਤਾ ਵੀ ਮਿਲ ਜਾਂਦੀ ਹੈ। ਇਸਦੇ ਨਾਲ ਸਬੰਧਿਤ ਜਾਣਕਾਰੀ/ਟ੍ਰੇਨਿੰਗ ਕ੍ਰਿਸ਼ੀ ਵਿਗਿਆਨ ਕੇਂਦਰਾਂ ਜਾਂ ਪੀ. ਏ. ਯੂ. ਤੋਂ ਲਈ ਜਾ ਸਕਦੀ ਹੈ। ਇਸਦੇ ਲਈ ਬੈਂਕਾਂ ਤੋਂ ਮਾਲੀ ਸਹਾਇਤਾ ਅਤੇ ਸਰਕਾਰ ਦੇ ਖੇਤੀਬਾੜੀ / ਬਾਗਬਾਨੀ / ਪਸ਼ੂ ਪਾਲਣ ਵਿਭਾਗ ਤੋਂ ਸਬਸਿਡੀ ਵੀ ਮਿਲ ਜਾਂਦੀ ਹੈ।**

ਰਾਜ ਕੁਮਾਰ ਅਤੇ ਗੁਰਪ੍ਰੀਤ ਕੌਰ, ਇਕੋਨੋਮਿਕਸ ਐਂਡ ਸ਼ੋਸ਼ਿਆਲੋਜ਼ੀ ਵਿਭਾਗ, ਪੀ. ਏ. ਯੂ., ਲੁਧਿਆਣਾ (ਮੋ. 81460-96600)

★ ਮਧੂ ਮੱਖੀਆਂ ਦੀਆਂ 50 ਕਲੋਨੀਆਂ ਨਾਲ 70 ਹਜ਼ਾਰ ਰੁਪਏ ਸਲਾਨਾ ਕਮਾਏ ਜਾ ਸਕਦੇ ਹਨ। ਬੇ-ਜ਼ਮੀਨੇ ਵਿਅਕਤੀ ਵੀ ਇਸਨੂੰ ਸ਼ੁਰੂ ਕਰ ਸਕਦੇ ਹਨ।



★ ਖੁੰਬਾਂ ਦੀ ਕਾਸ਼ਤ (30 ਵਰਗ ਮੀਟਰ) ਤੋਂ ਵੀ 20-22 ਹਜ਼ਾਰ ਰੁਪਏ ਦੀ ਆਮਦਨ ਹੋ ਜਾਂਦੀ ਹੈ।

★ ਡੇਅਰੀ ਧੰਦਾ ਸ਼ੁਰੂ ਕਰਕੇ 10 ਮੱਝਾਂ ਜਾਂ 10 ਗਾਵਾਂ ਤੋਂ 1.5 ਤੋਂ 2 ਲੱਖ ਰੁਪਏ ਸਲਾਨਾ ਮੁਨਾਫਾ ਹੋ ਸਕਦਾ ਹੈ।

★ ਇਕ ਏਕੜ ਮੱਛੀ ਪਾਲਣ ਤੋਂ ਲਗਭਗ 80 ਤੋਂ 90 ਹਜ਼ਾਰ ਰੁਪਏ ਦੀ ਬੱਚਤ ਹੋ ਸਕਦੀ ਹੈ। ਪਿੰਡਾਂ ਦੇ ਖਾਲੀ ਪਏ ਛੱਪੜਾਂ ਵਿਚ ਵੀ ਮੱਛੀ ਪਾਲਣ ਕੀਤਾ ਜਾ ਸਕਦਾ ਹੈ।

★ ਮੁਰਗੀ ਪਾਲਣ (1000 ਮੁਰਗੀਆਂ) ਤੋਂ ਤਕਰੀਬਨ 2.5 ਤੋਂ 2.7 ਲੱਖ ਰੁਪਏ ਸਲਾਨਾ ਕਮਾਈ ਹੋ ਸਕਦੀ ਹੈ। ਬ੍ਰਾਇਲਰ (ਮੀਟ ਲਈ) ਦਾ ਧੰਦਾ ਵੀ ਚੋਖਾ ਮੁਨਾਫਾ ਦੇ ਜਾਂਦਾ ਹੈ।

★ ਫਲਾਂ ਅਤੇ ਸਬਜ਼ੀਆਂ ਦੀ ਪ੍ਰੋਸੈਸਿੰਗ ਕਰਕੇ ਇਸ ਤੋਂ ਵਸਤਾਂ ਤਿਆਰ ਕਰਨ ਨਾਲ ਵੀ ਕਈ ਗੁਣਾਂ ਕੰਮ ਅਤੇ ਮੁਨਾਫਾ ਵਧ ਸਕਦਾ ਹੈ। ਪੇਂਡੂ ਸੁਆਣੀਆਂ ਆਚਾਰ, ਚਟਣੀਆਂ, ਜੈਮ ਆਦਿ



ਤਿਆਰ ਕਰਨ ਦੀ ਸਿਖਲਾਈ ਲੈ ਕੇ ਇਹ ਕਿੱਤੇ ਅਪਣਾ ਸਕਦੀਆਂ ਹਨ।

★ ਫਲਾਂ ਦੇ ਬਾਗਾਂ ਵਿਚ ਸਬਜ਼ੀਆਂ ਦੀ ਕਾਸ਼ਤ ਨਾਲ ਵੀ ਆਮਦਨ ਵਿਚ ਵਾਧਾ ਹੋ ਸਕਦਾ ਹੈ।

★ ਫਸਲੀ ਉਤਪਾਦ ਨੂੰ ਪੂਰੀ ਤਰ੍ਹਾਂ ਸਾਫ ਅਤੇ ਪੈਕ ਕਰਕੇ ਖਪਤਕਾਰਾਂ ਨੂੰ ਸਿੱਧਾ ਵੇਚਣ ਨਾਲ 15-20 ਪ੍ਰਤੀਸ਼ਤ ਵਧੇਰੇ ਕਮਾਈ ਹੋ ਸਕਦੀ ਹੈ ਜਿਵੇਂ ਕਿ ਮੂੰਗੀ, ਮਾਂਹ, ਮਸਰ, ਛੋਲਿਆਂ ਆਦਿ ਦੀ ਸਾਫ-ਸਫਾਈ ਅਤੇ ਪੈਕਿੰਗ ਕਰਨਾ।

★ ਕਣਕ ਤੋਂ ਆਟਾ, ਛੋਲਿਆਂ ਤੋਂ ਵੇਸਣ, ਮੂੰਗੀ ਤੋਂ ਨਮਕੀਨ ਦਾਲ, ਹਲਦੀ ਦਾ ਪਾਊਡਰ, ਸੋਇਆਬੀਨ ਦਾ ਦੁੱਧ / ਪਨੀਰੀ, ਗੰਨੇ ਤੋਂ ਗੁੜ / ਸ਼ੱਕਰ / ਗੱਚਕ ਬਣਾ ਕੇ ਵੀ ਵੇਚਿਆ ਜਾ ਸਕਦਾ ਹੈ।

★ ਟਮਾਟਰ ਦੀ ਚਟਨੀ ਜਾਂ ਪਿਊਰੀ ਬਣਾ ਕੇ, ਹਰੇ ਮਟਰਾਂ ਨੂੰ ਬਹੁਤਾਤ ਦੇ ਸਮੇਂ ਘੱਟ ਤਾਪਮਾਨ ਤੇ ਸਟੋਰ ਕਰਕੇ ਬਾਅਦ ਵਿਚ ਵੱਧ ਭਾਅ ਤੇ ਵੇਚ ਕੇ ਅਤੇ ਖੁੰਬਾਂ ਦਾ ਅਚਾਰ ਜਾਂ ਪਾਊਡਰ ਬਣਾ ਕੇ ਵੇਚ ਸਕਦੇ ਹਾਂ।

★ ਘਰੇਲੂ ਪੱਧਰ ਤੇ ਆਟਾ ਚੱਕੀ, ਆਇਲ ਐਕਸਪੈਲਰ ਤੇ ਗਰਾਈਂਡਰ ਆਦਿ ਲਗਾ ਕੇ 30-40 ਹਜ਼ਾਰ ਰੁਪਏ ਮਹੀਨਾ ਦੀ ਆਮਦਨ ਹੋ ਸਕਦੀ ਹੈ।

★ ਪੇਂਡੂ ਨੌਜਵਾਨ ਖੇਤੀ ਮਸ਼ੀਨਰੀ ਨੂੰ ਕਿਰਾਏ ਤੇ ਚਲਾਉਣ ਦਾ ਕੰਮ ਕਰਕੇ ਵੀ ਵਧੀਆ ਆਮਦਨ ਕਮਾ ਸਕਦੇ ਹਨ।

ਸੋ, ਖੇਤੀ ਕਿੱਤੇ ਵਿਚ ਵਿਭਿੰਨਤਾ ਲਿਆਉਣ ਨਾਲ ਅਸੀਂ ਸਾਰਾ ਸਾਲ ਰੋਜ਼ਗਾਰ ਅਤੇ ਭਰਪੂਰ ਆਮਦਨ ਲੈ ਸਕਦੇ ਹਾਂ।

# ਵਿਦੇਸ਼ਾਂ ਤੱਕ ਪਹੁੰਚਿਆ ਪੀਐੱਚਡੀ ਕਰ ਰਹੇ ਨੌਜਵਾਨ ਦਾ ਗੁੜ

**★ ਗੁੜ ਬਣਾਉਣ ਦੇ ਨਾਲ-ਨਾਲ ਉਸ ਦੀ ਮਾਰਕੀਟਿੰਗ ਵੀ ਖੁਦ ਕਰ ਰਿਹਾ ਹੈ ਜੁਝਾਰ ਸਿੰਘ ★ ਕਿਹਾ, ਅਜੋਕੇ ਸਮੇਂ ਵਿੱਚ ਖੇਤੀ ਨੂੰ ਤਕਨੀਕ ਜੁਗਤ ਨਾਲ ਕਰਨ ਨਾਲ ਹੀ ਦੂਜਿਆਂ ਲਈ ਖੁੱਲ੍ਹਣਗੇ ਨਵੇਂ ਰਾਹ**

ਪੰਜਾਬ ਦੀ ਨੌਜਵਾਨੀ ਪੜ੍ਹ-ਲਿਖ ਕੇ ਵਿਦੇਸ਼ਾਂ ਵੱਲ ਰੁੱਖ ਕਰ ਰਹੀ ਹੈ, ਉੱਥੇ ਦੂਜੇ ਪਾਸੇ ਕੁਝ ਹਿੰਮਤੀ ਲੋਕ ਨੌਜਵਾਨ ਆਪਣੀ ਧਰਤੀ ’ਤੇ ਰਹਿ ਕੇ ਆਪਣਾ ਕਾਰੋਬਾਰ ਸ਼ੁਰੂ ਕਰਕੇ ਹੋਰਨਾਂ ਲਈ ਪ੍ਰੇਰਨਾ ਬਣ ਰਹੇ ਹਨ। ਅਜਿਹੀ ਹੀ ਮਿਸਾਲ ਬਟਾਲਾ ਦੇ ਨਜ਼ਦੀਕੀ ਪਿੰਡ ਨੌਸ਼ਹਿਰਾ ਮੱਝਾ ਸਿੰਘ ਦੇ ਨੌਜਵਾਨ ਜੁਝਾਰ ਸਿੰਘ ਪੁੱਤਰ ਮਾਨ ਸਿੰਘ ਤੋਂ ਮਿਲਦੀ ਹੈ, ਜੋ ਇਸ ਵੇਲੇ ਖੋਜ ਦੀ ਪੜ੍ਹਾਈ ਦੇ ਨਾਲ-ਨਾਲ ਗੁੜ ਬਣਾਉਣ ਦਾ ਕਿੱਤਾ ਕਰ ਰਿਹਾ ਹੈ। ਜੁਝਾਰ ਸਿੰਘ ਨੇ ਕਿਹਾ ਕਿ ਉਹ ਸ੍ਰੀ ਗੁਰੂ ਨਾਨਕ ਦੇਵ ਯੂਨੀਵਰਸਿਟੀ ਤੋਂ ਪੀਐੱਚਡੀ ਕਰ ਰਿਹਾ ਹੈ। ਉਸਨੇ ਦੱਸਿਆ ਕਿ ਉਹ ਪਿਛਲੇ 2 ਸਾਲਾਂ ਤੋਂ ਗੁੜ ਬਣਾਉਣ ਦਾ ਕੰਮ ਕਰ ਰਿਹਾ ਹੈ ਅਤੇ ਵਧੀਆ ਤੇ ਸ਼ੁੱਧ ਉਤਪਾਦ ਬਣਾ ਕੇ ਬਾਜ਼ਾਰ ਵਿੱਚ ਆਪਣੀ ਵਿਲੱਖਣ ਥਾਂ ਬਣਾ ਰਹੇ ਹਨ।

ਜੁਝਾਰ ਸਿੰਘ ਨੇ ਦੱਸਿਆ ਕਿ ਬਾਜ਼ਾਰ ਵਿੱਚ ਇਸ ਵੇਲੇ ਮਿਲਾਵਟੀ ਗੁੜ ਧੜਾ ਧੜ ਵਿਕ ਰਿਹਾ ਹੈ ਅਤੇ ਗਾਹਕ ਵੀ ਸਸਤਾ ਗੁੜ ਖਰੀਦਣ ਨੂੰ ਪਹਿਲ ਦੇ ਰਿਹਾ ਹੈ; ਪਰ ਉਹ ਇਹ ਨਹੀਂ ਜਾਣਦਾ ਕਿ ਉਹ ਆਪਣੀ ਸਿਹਤ ਨਾਲ ਖਿਲਵਾੜ ਕਰਨ ਜਾ ਰਿਹਾ ਹੈ। ਉਸ ਨੇ ਦੱਸਿਆ ਕਿ ਮਾਰਕੀਟ ਵਿੱਚ ਸ਼ੁੱਧ ਗੁੜ ਬਣਾ ਕੇ ਉਸਦਾ ਮੰਡੀਕਰਨ ਕਰਨਾ ਵੱਡਾ ਚੈਲੇਂਜ ਹੈ ਅਤੇ ਉਹ ਪਿਛਲੇ ਸਾਲਾਂ ਤੋਂ ਸ਼ੁੱਧ ਤੇ ਬਿਨਾਂ ਕੈਮੀਕਲ ਗੁੜ ਬਣਾ ਕੇ ਆਪਣੀ ਮਾਰਕੀਟ ਦਾ ਵਿਸਥਾਰ ਕਰ ਰਹੇ ਹਨ।

ਅਜੋਕੇ ਸਮੇਂ ਵਿੱਚ ਖੇਤੀ ਨੂੰ ਤਕਨੀਕ ਜੁਗਤ ਨਾਲ ਕਰਨਾ ਚਾਹੀਦਾ ਹੈ ਅਤੇ ਕਿਸਾਨਾਂ ਨੂੰ ਝੋਨੇ ਕਣਕ ਦੇ ਫ਼ਸਲੀ ਚੱਕਰ ਤੋਂ ਬਾਹਰ ਆਣ ਕੇ ਕੰਮ ਕਰਨਾ ਚਾਹੀਦਾ ਹੈ। ਉਹ ਵਿਦੇਸ਼ ਜਾਣ ਨੂੰ ਤਰਜ਼ੀਹ ਨਹੀਂ ਦਿੰਦਾ ਅਤੇ ਇੱਥੇ ਹੀ ਆਪਣੇ ਕਾਰੋਬਾਰ ਵਿੱਚ ਹੋਰਨਾਂ ਨੂੰ ਵੀ ਰੁਜ਼ਗਾਰ ਦੇਣਾ ਚਾਹੀਦਾ ਹੈ। ਉਸ ਨੇ ਦੱਸਿਆ ਕਿ ਵੱਖ-ਵੱਖ ਜ਼ਮੀਨਾਂ ਵਿੱਚ ਗੰਨੇ ਦਾ ਵੱਖਰਾ-ਵੱਖਰਾ ਸਵਾਦ ਨਿਕਲਦਾ ਹੈ। ਕੁਝ ਜ਼ਮੀਨਾਂ ਦਾ ਗੰਨਾ ਜ਼ਿਆਦਾ ਮਿਠਾਸ ਵਾਲਾ ਹੁੰਦਾ ਹੈ ਅਤੇ ਉਸ ਵਿੱਚ ਖਟਾਸ ਨਹੀਂ ਹੁੰਦੀ, ਜਿਸ ਕਾਰਨ ਚਾਹ ਅਤੇ ਹੋਰ ਪਦਾਰਥਾਂ ਵਿੱਚ ਗੁੜ ਸਵਾਦ ਭਰ ਦਿੰਦਾ ਹੈ। ਗੁੜ ਬਣਾ ਕੇ ਮਾਰਕੀਟ ਵਿੱਚ ਆਪਣਾ ਨਾਮ ਕਮਾਉਣਾ ਬਹੁਤ ਔਖਾ ਹੈ।

ਮਾਰਕੀਟ ਵਿੱਚ 45 ਰੁਪਏ ਕਿਲੋ ਵੀ ਗੁੜ ਵਿਕ ਰਿਹਾ ਹੈ, ਪਰ ਸ਼ੁੱਧ ਤੇ ਆਰਗੈਨਿਕ ਗੁੜ ਭਾਅ ਵਿੱਚ ਮਹਿੰਗਾ ਪੈਂਦਾ ਹੈ। ਉਸ ਨੇ ਨੌਜਵਾਨਾਂ ਨੂੰ ਅਪੀਲ ਕੀਤੀ ਕਿ ਵਿਦੇਸ਼ ਦਾ ਰੁੱਖ ਛੱਡ ਕੇ ਆਪਣੇ ਦੇਸ਼ ਵਿੱਚ ਹੀ ਕੰਮ ਕਰਨ ਅਤੇ ਤਰੱਕੀ ਹਾਸਲ ਕਰਨ।

## ਵਿਦੇਸ਼ਾਂ ਵਿੱਚ ਵੀ ਗੁੜ ਦੀ ਵੱਧ ਰਹੀ ਹੈ ਮੰਗ

ਜੁਝਾਰ ਸਿੰਘ ਨੇ ਦੱਸਿਆ ਕਿ ਉਹ ‘ਰਾਵੀ’ ਟਰੇਡ ਮਾਰਕ ਰਾਹੀਂ ਗੁੜ ਦਾ ਬਜ਼ਾਰੀਕਰਨ ਕਰ ਰਿਹਾ ਹੈ। ਪੰਜਾਬ ਤੋਂ ਇਲਾਵਾ ਉਹ ਇਟਲੀ ਅਤੇ ਕੈਨੇਡਾ ਦੇ ਬਰੈਂਪਟਨ ਸ਼ਹਿਰ ਵਿੱਚ ਗੁੜ ਭੇਜ ਰਿਹਾ ਹੈ ਅਤੇ ਉਸ ਦੇ ਗੁੜ ਦੀ ਮੰਗ ਦਿਨੋ ਦਿਨ ਵੱਧ ਰਹੀ ਹੈ। ਭਾਵੇਂ ਬਜ਼ਾਰੀਕਰਨ ਚੁਣੌਤੀ ਭਰਪੂਰ ਹੈ, ਪਰ ਸ਼ੁੱਧ ਤੇ ਚੰਗੀ ਚੀਜ਼ ਆਪਣੀ ਜਗ੍ਹਾਂ ਬਣਾ ਲੈਂਦੀ ਹੈ।

ਉਸ ਨੇ ਦੱਸਿਆ ਕਿ ਉਹ ਗੁੜ ਦੀ ਮਠਿਆਈ ਵੀ ਤਿਆਰ ਕਰਦਾ ਹੈ ਅਤੇ ਵਧੀਆ ਪੈਕਿੰਗ ਰਾਹੀਂ ਬਾਜ਼ਾਰ ਵਿੱਚ ਮੰਡੀਕਰਨ ਕਰਦਾ ਹੈ।

# ਹੁਣ ਪਿਛੇਤੀ ਬੀਜੀ ਕਣਕ ਤੋਂ ਵੱਧ ਝਾੜ ਕਿਵੇਂ ਲਿਆ ਜਾਏ?



ਭਗਵਾਨ ਦਾਸ

ਝੋਨੇ ਦੇ ਮੰਡੀਕਰਨ 'ਚ ਕਿਸਾਨਾਂ ਨੂੰ ਮੁਸ਼ਕਿਲਾਂ ਆਉਣ ਕਾਰਨ ਵਾਢੀ ਪਿਛੇਤੀ ਪੈਣ ਅਤੇ ਡੀ.ਏ.ਪੀ. ਦੀ ਉਪਲੱਬਧਤਾ 'ਚ ਰੁਕਾਵਟਾਂ ਦਾ ਸਾਹਮਣਾ ਕਰਨਾ ਪੈਣ ਕਾਰਨ ਕਣਕ ਦੀ ਬਿਜਾਈ ਲੇਟ ਹੋ ਗਈ। ਪ੍ਰੰਤੂ ਫਿਰ ਵੀ ਕਿਸਾਨਾਂ ਨੇ ਹੰਭਲਾ ਮਾਰ ਕੇ ਝੋਨਾ, ਬਾਸਮਤੀ ਅਤੇ ਕਪਾਹ-ਨਰਮੇ ਦੀਆਂ ਮੁੱਖ ਫਸਲਾਂ ਸਾਂਭ ਕੇ ਲਗਭਗ 99 ਪ੍ਰਤੀਸ਼ਤ ਰਕਬੇ 'ਤੇ ਬਿਜਾਈ 10 ਦਸੰਬਰ ਤੱਕ ਕਰ ਹੀ ਲਈ ਸੀ। ਭਾਵੇਂ ਬਿਜਾਈ ਨਵੰਬਰ ਦੇ ਮਹੀਨੇ ਹੋ ਜਾਣੀ ਚਾਹੀਦੀ ਸੀ ਪ੍ਰੰਤੂ ਇਸ ਸਾਲ ਕੁਝ ਠੰਢ ਦੇਰੀ ਨਾਲ ਪੈਣ ਕਾਰਨ ਲੇਟ ਬੀਜੀ ਕਣਕ ਦੀ ਉਤਪਾਦਕਤਾ ਵੀ ਕੁਠ ਠੀਕ ਹੀ ਰਹਿਣ ਦੀ ਸੰਭਾਵਨਾ ਹੈ। ਕੁੱਲ ਬੀਜਣ ਵਾਲੇ 35 ਲੱਖ ਹੈਕਟੇਅਰ ਰਕਬੇ 'ਚੋਂ ਜੋ 1-1.5 ਫੀਸਦੀ ਰਕਬਾ ਬਚਿਆ ਹੈ, ਉਹ ਆਲੂਆਂ, ਮਟਰਾਂ ਜਾਂ ਗੰਨੇ ਦੇ ਵੱਢਾਂ ਦਾ ਹੈ ਜਾਂ ਕੁਝ ਰਕਬਾ ਕਪਾਹ ਪੱਟੀ 'ਚ ਹੈ। ਇਸ ਰਕਬੇ 'ਤੇ ਪੰਜਾਬ ਖੇਤੀ ਯੂਨੀਵਰਸਿਟੀ (ਪੀ. ਏ. ਯੂ.) ਦੇ ਉਪ ਕੁਲਪਤੀ ਡਾ. ਸਤਬੀਰ ਸਿੰਘ ਗੋਸਲ ਜਾਰੀ ਕਰਦਿਆਂ ਕਿਸਾਨਾਂ ਨੂੰ ਪਿਛੇਤੀ ਬਿਜਾਈ ਲਈ ਪੀ. ਬੀ. ਡਬਲਿਊ-752, ਪੀ. ਬੀ. ਡਬਲਿਊ.-771 ਤੇ ਪੀ. ਬੀ. ਡਬਲਿਊ-757 ਕਿਸਮਾਂ ਬੀਜਣ ਦੀ ਸਿਫਾਰਸ਼ ਕੀਤੀ ਹੈ। ਪੀ. ਬੀ. ਡਬਲਿਊ-771 ਕਿਸਮ ਪੱਕਣ ਨੂੰ ਤਕਰੀਬਨ 133 ਦਿਨ ਲੈਂਦੀ ਹੈ ਅਤੇ ਪੀ. ਬੀ. ਡਬਲਿਊ-752 ਕਿਸਮ 130 ਦਿਨ। ਪਹਿਲੀਆਂ ਕਿਸਮ ਦਾ ਔਸਤ ਕੱਦ ਤਰਤੀਬਵਾਰ 80 ਸੈਂਟੀਮੀਟਰ ਅਤੇ 89 ਸੈਂਟੀਮੀਟਰ ਹੈ। ਅਖੀਰ ਦਸੰਬਰ ਤੇ ਸ਼ੁਰੂ ਜਨਵਰੀ 'ਚ ਬੀਜਣ ਲਈ ਪੀ. ਬੀ. ਡਬਲਿਊ-757 ਕਿਸਮ ਸਿਫਾਰਸ ਕੀਤੀ ਗਈ ਹੈ ਜੋ ਪੱਕਣ ਨੂੰ 114 ਦਿਨ ਲੈਂਦੀ ਹੈ ਅਤੇ ਇਸ ਦਾ ਔਸਤ ਕੱਦ 82 ਸੈਂਟੀਮੀਟਰ ਹੈ। ਬਹੁਤ ਲੇਟ ਅਖੀਰ ਦਸੰਬਰ ਤੇ ਸ਼ੁਰੂ ਜਨਵਰੀ 'ਚ ਬੀਜਣ ਲਈ ਐੱਚ ਡੀ-3298 ਕਿਸਮ ਵੀ ਕਿਸਾਨਾਂ ਲਈ ਉਪਲੱਬਧ ਹੈ ਜੋ ਆਈ. ਸੀ. ਏ. ਆਰ.-ਇੰਡੀਅਨ ਐਗਰੀਕਲਚਰਲ ਰਿਸਰਚ ਇੰਸਟੀਚਿਊਟ ਵਲੋਂ ਸਿਫਾਰਸ਼ ਕੀਤੀ ਗਈ ਹੈ।



ਡਾ. ਗੋਸਲ ਨੇ ਇਨ੍ਹਾਂ ਨੂੰ ਦੇਰੀ ਨਾਲ ਬੀਜੀਆਂ ਜਾਣ ਵਾਲੀਆਂ ਕਿਸਮਾਂ 'ਚ 40 ਕਿਲੋ ਪ੍ਰਤੀ ਏਕੜ ਬੀਜ ਪਾਉਣ ਦੀ ਸਿਫਾਰਸ਼ ਕੀਤੀ ਹੈ। ਪੌਦਿਆਂ 'ਚ 15 ਸੈਂਟੀਮੀਟਰ ਦੀ ਵਿੱਥ ਰੱਖੀ ਜਾਣੀ ਚਾਹੀਦੀ ਹੈ ਅਤੇ ਨਦੀਨਾਂ ਨੂੰ ਪ੍ਰਭਾਵਸ਼ਾਲੀ ਵਿਧੀਆਂ ਤੇ ਨਦੀਨਨਾਸ਼ਕ ਵਰਤ ਕੇ ਕਾਬੂ ਕੀਤਾ ਜਾਣਾ ਚਾਹੀਦਾ ਹੈ। ਕਿਸਾਨਾਂ ਨੂੰ ਇਨ੍ਹਾਂ ਕਿਸਮਾਂ 'ਚ 45 ਕਿਲੋ ਪ੍ਰਤੀ ਏਕੜ ਯੂਰੀਆ ਬਿਜਾਈ ਵੇਲੇ ਅਤੇ ਸਾਰਾ ਫਾਸਫੋਰਸ ਤੇ ਪੋਟਾਸ਼ ਵੀ ਬਿਜਾਈ ਨਾਲ ਹੀ ਪਾ ਦੇਣੇ ਚਾਹੀਦੇ ਹਨ। ਡੀ. ਏ. ਪੀ.-55 ਕਿਲੋ ਜਾਂ ਇਸ ਤੋਂ ਵੱਧ ਪਾਏ ਜਾਣ ਦੀ ਸੂਰਤ 'ਚ ਬਿਜਾਈ ਵੇਲੇ ਫਾਸਫੋਰਸ ਪਾਉਣ ਦੀ ਲੋੜ ਨਹੀਂ। ਪਹਿਲੀ ਸਿੰਜਾਈ ਵੇਲੇ ਯੂਰੀਏ ਦੀ 45 ਕਿਲੋ ਪ੍ਰਤੀ ਏਕੜ ਦੀ ਖੁਰਾਕ ਦੇ ਦੇਣੀ ਚਾਹੀਦੀ ਹੈ। ਹੁਣ 15 ਦਸੰਬਰ ਤੋਂ ਬਾਅਦ ਬੀਜੀ ਗਈ ਕਣਕ ਨੂੰ ਯੂਰੀਏ ਦੀ ਖੁਰਾਕ 25 ਪ੍ਰਤੀ ਘਟਾ ਦੇਣੀ ਚਾਹੀਦੀ ਹੈ। ਯੂਰੀਆ ਨੀਮ-ਕੋਟਿਡ ਹੀ ਵਰਤਿਆ ਜਾਏ।

ਭਾਵੇਂ ਪਿਛੇਤੀ ਬਿਜਾਈ 'ਚ ਝਾੜ ਘਟਦਾ ਹੈ, ਪ੍ਰੰਤੂ ਤਾਪਮਾਨ ਠੀਕ ਹੋਣ ਕਾਰਨ ਅਤੇ ਕਿਸਾਨਾਂ ਵਲੋਂ ਇਨ੍ਹਾਂ ਸਿਫਾਰਸ਼ਾਂ ਨੂੰ ਅਪਣਾਏ ਜਾਣ ਕਾਰਨ ਝਾੜ 'ਚ ਆਮ ਸੁਭਾਵਿਕ ਕਮੀ 1.5 ਕੁਇੰਟਲ ਪ੍ਰਤੀ ਏਕੜ ਪ੍ਰਤੀ ਹਫਤੇ ਦੀ ਦਰ ਤੋਂ ਘੱਟ ਆਉਣ ਦੀ ਸੰਭਾਵਨਾ ਹੈ। ਵਧੇਰੇ ਝਾੜ ਲੈਣ ਲਈ ਬਿਜਾਈ ਵੇਲੇ ਕਿਸਾਨਾਂ ਨੂੰ ਬੀਜ ਨੂੰ ਸਾਫ ਤੇ ਗ੍ਰੇਡ ਕਰ ਲੈਣਾ ਚਾਹੀਦਾ ਹੈ। ਛੋਟੇ ਝੁਰੜੇ ਬੀਜ ਅਤੇ ਨਦੀਨਾਂ ਦੇ ਬੀਜ ਪੂਰੀ ਤਰ੍ਹਾਂ ਕੱਢ ਦੇਣੇ ਚਾਹੀਦੇ ਹਨ। ਸਿਉਂਕ ਦੇ ਹਮਲੇ ਵਾਲੀਆਂ ਜ਼ਮੀਨਾਂ 'ਚ ਬੀਜ ਨੂੰ ਕਲੋਰੋਪਾਈਰੀਫਾਸ ਨਾਲ ਸੋਧ ਕੇ ਰੈਕਸਲ ਜਾਂ ਵੀਟਾਵੈਕਸ ਪਾਵਰ 75 ਡਬਲਿਊ. ਐੱਸ. ਜਾਂ ਪ੍ਰੋਵੈਕਸ ਨਾਲ ਸੋਧ ਲੈਣਾ ਚਾਹੀਦਾ ਹੈ। ਬੀਜ ਬਿਜਾਈ ਵੇਲੇ ਹੀ ਸੋਧਿਆ ਗਿਆ ਹੋਵੇ। ਬੀਜ ਦੀ ਸੋਧ ਬਿਜਾਈ ਤੋਂ ਇਕ ਮਹੀਨਾ ਜਾਂ ਇਸ ਤੋਂ ਪਹਿਲਾਂ ਦੀ ਹੋਣੀ ਚਾਹੀਦੀ। ਸੋਧਕ ਡਰਮ ਦੀ ਵਰਤੋਂ ਨਾਲ ਬੀਜ ਦੀ ਸੋਧ ਚੰਗੀ ਤਰ੍ਹਾਂ ਕਰ ਲੈਣੀ ਚਾਹੀਦੀ ਹੈ। ਪਿਛੇਤੀ ਬਿਜਾਈ 'ਚ ਕਣਕ ਦੀ ਉੱਗਣ ਸ਼ਕਤੀ ਵਧਾਉਣ ਲਈ ਬੀਜ ਨੂੰ ਭਿਉਂ ਕੇ ਬਾਅਦ 'ਚ ਚੰਗੀ ਤਰ੍ਹਾਂ ਸੁਕਾ ਕੇ ਬਿਜਾਈ ਕਰਨੀ ਚਾਹੀਦੀ ਹੈ। ਵਧੇਰੇ ਝਾੜ ਲੈਣ ਲਈ ਦੋਤਰਫਾ ਢੰਗ ਅਪਣਾ ਕੇ ਬਿਜਾਈ ਕਰਨੀ ਚਾਹੀਦੀ ਹੈ। ਬਿਜਾਈ ਪਿੱਛੋਂ ਹਲਕਾ ਜਿਹਾ ਸੁਹਾਗਾ ਮਾਰ ਦੇਣਾ ਚਾਹੀਦਾ ਹੈ। ਫਸਲ ਨੂੰ ਨਾਈਟਰੋਜਨ ਨੀਮ-ਕੋਟਿਡ ਯੂਰੀਆ ਰਾਹੀਂ ਸਹੀ ਸਮੇਂ ਸਿਰ ਦੇ ਦੇਣੀ ਚਾਹੀਦੀ ਹੈ। ਪਾਣੀ ਦੀ ਸੁਚੱਜੀ ਵਰਤੋਂ ਲਈ ਭਾਰੀ ਜ਼ਮੀਨਾਂ 'ਚ 8 ਕਿਆਰੇ ਅਤੇ ਰੇਤਲੀਆਂ ਜ਼ਮੀਨਾਂ 'ਚ 16 ਕਿਆਰੇ ਪ੍ਰਤੀ ਏਕੜ ਬਣਾਏ ਜਾਣੇ ਚਾਹੀਦੇ ਹਨ। ਪਿਛੇਤੀ ਬੀਜੀ ਗਈ ਕਣਕ ਦੀ ਫਸਲ ਨੂੰ ਪਹਿਲਾ ਪਾਣੀ 4 ਹਫਤੇ ਬਾਅਦ, ਦੂਜਾ ਪਾਣੀ ਬੂਝਾ ਮਰਨ ਸਮੇਂ ਅਤੇ ਤੀਜਾ ਪਾਣੀ ਦਾਣੇ 'ਚ ਬੂਰ ਪੈਣ ਸਮੇਂ ਦੇਣਾ ਚਾਹੀਦਾ ਹੈ।

ਇਸੇ ਤਰ੍ਹਾਂ ਪਿਛੇਤੀ ਬੀਜੀ ਕਣਕ ਨੂੰ ਸਹੀ ਵਿਕਾਸ ਤੇ ਵਾਧੇ ਲਈ ਤੱਤਾਂ ਦੀ ਵੀ ਲੋੜ ਪੈਂਦੀ ਹੈ। ਕਿਸਾਨ ਮੁੱਢਲੇ ਤੱਤ ਨਾਈਟਰੋਜਨ, ਫਾਸਫੋਰਸ, ਪੋਟਾਸ਼ ਆਦਿ ਤਾਂ ਵੱਖ-ਵੱਖ ਖਾਦਾਂ ਦੇ ਰੂਪ 'ਚ ਪਾ ਲੈਂਦੇ ਹਨ ਪਰ ਲਘੂ ਤੇ ਸੈਕੰਡਰੀ ਤੱਤਾਂ ਦੀ ਘਾਟ ਆਮ ਤੌਰ 'ਤੇ ਫਸਲ ਨੂੰ ਆਉਂਦੀ ਹੈ। ਮੈਂਗਨੀਜ਼ ਅਤੇ ਗੰਧਕ ਦੀ ਘਾਟ ਵੀ ਅਕਸਰ ਫਸਲ ਨੂੰ ਆ ਜਾਂਦੀ ਹੈ। ਪੂਰਾ ਝਾੜ ਲੈਣ ਲਈ ਇਨ੍ਹਾਂ ਖੁਰਾਕੀ ਤੱਤਾਂ ਦੀ ਲੋੜ ਅਨੁਸਾਰ ਵਰਤੋਂ ਕਰ ਲੈਣੀ ਚਾਹੀਦੀ ਹੈ। ਇਨ੍ਹਾਂ ਤੱਤਾਂ ਸੰਬੰਧੀ ਵਿਸ਼ੇਸ਼ ਤੌਰ 'ਤੇ ਮੈਂਗਨੀਜ਼ ਅਤੇ ਗੰਧਕ ਦੀ ਘਾਟ ਸੰਬੰਧੀ ਫਸਲ ਦਾ ਸਰਵੇਖਣ ਕਰਦੇ ਰਹਿਣਾ ਚਾਹੀਦਾ ਹੈ। ਝੋਨੇ ਦੀ ਫਸਲ ਵਾਲੀਆਂ ਜ਼ਮੀਨਾਂ 'ਚ ਆਮ ਤੌਰ 'ਤੇ ਮੈਂਗਨੀਜ਼ ਦੀ ਘਾਟ ਆ ਜਾਂਦੀ ਹੈ। ਜ਼ਿਆਦਾ ਖਾਰੇ ਰੰਗ ਵਾਲੀਆਂ ਜ਼ਮੀਨਾਂ ਅਤੇ ਘੱਟ ਜੈਵਿਕ ਕਾਰਬਨ ਵਾਲੀਆਂ ਜ਼ਮੀਨਾਂ 'ਚ ਵੀ ਇਸ ਤੱਤ ਦੀ ਘਾਟ ਆਉਣ ਦੀ ਸੰਭਾਵਨਾ ਹੈ। ਮੈਂਗਨੀਜ਼ ਦੀ ਘਾਟ ਆਉਣ ਨਾਲ ਬੂਟੇ ਸੁੱਕ ਜਾਂਦੇ ਹਨ। ਬਿਹਤਰ ਹੈ ਕਿ ਇਸ ਤੱਤ ਦੀ ਵਰਤੋਂ ਮਿੱਟੀ ਪਰਖ ਦੇ ਆਧਾਰ 'ਤੇ ਕੀਤਾ ਜਾਵੇ। ਇਸ ਤੱਤ ਦੀ ਘਾਟ ਵਾਲੀਆਂ ਜ਼ਮੀਨਾਂ 'ਚ 0.5 ਫੀਸਦੀ ਮੈਂਗਨੀਜ਼ ਸਲਫੇਟ ਦਾ ਇਕ ਛਿੜਕਾਅ ਪਹਿਲੇ ਪਾਣੀ ਤੋਂ ਦੋ ਤੋਂ ਚਾਰ ਦਿਨ ਪਹਿਲਾਂ ਅਤੇ ਤਿੰਨ ਛਿੜਕਾਅ ਹਫਤੇ-ਹਫਤੇ ਦੇ ਫਰਕ ਨਾਲ ਬਾਅਦ 'ਚ ਧੁੱਪ ਵਾਲੇ ਦਿਨਾਂ ਦੌਰਾਨ ਕਰ ਦੇਣੇ ਚਾਹੀਦੇ ਹਨ। ਬਿਹਤਰ ਹੋਵੇਗਾ ਕਿ ਜੇਕਰ ਮੈਂਗਨੀਜ਼ ਦੀ ਘਾਟ ਮੈਂਗਨੀਜ਼ ਸਲਫੇਟ ਦੀ ਛਿੜਕਾਅ ਕਰ ਕੇ ਹੀ ਦੂਰ ਕੀਤੀ ਜਾਏ। ਇਸ ਨੂੰ ਜ਼ਮੀਨ 'ਚ ਨਾ ਪਾਇਆ ਜਾਏ।

ਵਧੇਰੇ ਝਾੜ ਲੈਣ ਲਈ ਸਮੇਂ ਸਿਰ ਬਿਜਾਈ ਲਈ ਸਿਫਾਰਸ਼ ਕੀਤੀਆਂ ਗਈਆਂ ਕਿਸਮਾਂ ਦੀ ਕਾਸ਼ਤ ਨਾ ਕੀਤੀ ਜਾਏ। ਇਸ ਦੀ ਥਾਂ ਪਿਛੇਤੀਆਂ ਸਿਫਾਰਸ਼ ਕੀਤੀਆਂ ਕਣਕ ਦੀਆਂ ਕਿਸਮਾਂ ਦੀ ਕਾਸ਼ਤ ਕੀਤੀ ਜਾਵੇ। ਰੇਤਲੀਆਂ ਜ਼ਮੀਨਾਂ 'ਚ ਗੰਧਕ ਦੀ ਘਾਟ ਆਮ ਤੌਰ 'ਤੇ ਆ ਜਾਂਦੀ ਹੈ। ਇਸ ਨੂੰ ਪੂਰਾ ਕਰਨ ਲਈ 100 ਕਿਲੋ ਜਿਪਸਮ ਪ੍ਰਤੀ ਏਕੜ ਪਾ ਦੇਣਾ ਚਾਹੀਦਾ ਹੈ। ਨਦੀਨਨਾਸ਼ਕਾਂ ਦੀ ਵਰਤੋਂ ਅਦਲ-ਬਦਲ ਕੇ ਕਰਨ ਤੋਂ ਇਲਾਵਾ ਬਿਜਾਈ ਤੋਂ 2-3 ਦਿਨਾਂ ਦੇ ਅੰਦਰ ਸਪਰੂਸ ਜਿਹੇ ਪ੍ਰਭਾਵਸ਼ਾਲੀ ਨਦੀਨਨਾਸ਼ਕਾਂ ਦਾ ਜੇ ਮਸ਼ੀਨੀ ਸਪਰੇਅ ਕਰ ਦਿੱਤਾ ਜਾਵੇ ਤਾਂ ਨਤੀਜੇ ਬਿਹਤਰ ਮਿਲਣਗੇ ਅਤੇ ਗੁੱਲੀ ਡੰਡੇ ਤੋਂ ਨਿਜਾਤ ਮਿਲਣ ਦੀ ਸੰਭਾਵਨਾ ਹੈ।

# ਕਿਸਾਨਾਂ ਲਈ ਆਮਦਨ ਦਾ ਵਧੀਆ ਸਾਧਨ ਬਣ ਸਕਦੇ ਨੇ ਅਮਰੂਦਾਂ ਦੇ ਬਾਗ

ਪੰਜਾਬ ਦੇ ਕਿਸਾਨਾਂ ਨਹੀ ਬਾਗਬਾਨੀ ਦਾ ਖੇਤਰ ਆਮਦਨੀ ਦਾ ਬਹੁਤ ਵਧੀਆ ਸਾਧਨ ਬਣ ਸਕਦਾ ਹੈ। ਹਰ ਜ਼ਿਲ੍ਹੇ ਅੰਦਰ ਬਾਗਬਾਨੀ ਦਾ ਆਪਣਾ ਮਹੱਤਵ ਹੈ। ਕਈ ਜ਼ਿਲ੍ਹਿਆਂ ਅੰਦਰ ਬਾਗਬਾਨੀ ਦੇ ਤੌਰ 'ਤੇ ਅੰਬਾਂ ਦੇ ਬਾਗ ਲਗਾਏ ਜਾਂਦੇ ਹਨ। ਇਹ ਬਾਗ ਨੀਮ ਪਹਾੜੀ ਇਲਾਕੇ ਨੇੜੇ ਲੱਗਦੇ ਪੰਜਾਬ ਦੇ ਜ਼ਿਲ੍ਹਿਆਂ ਅੰਦਰ ਸਫਲ ਹਨ। ਕੁਝ ਜ਼ਿਲ੍ਹੇ ਲੀਚੀ ਦੇ ਬਾਗਾਂ ਨਾਲ ਮਸ਼ਹੂਰ ਹਨ। ਇਹ ਬਾਗ ਵੀ ਮੌਸਮ ਦੇ ਹਿਸਾਬ ਨਾਲ ਖਾਸ ਥਾਵਾਂ 'ਤੇ ਹੀ ਹੋ ਸਕਦੇ ਹਨ।

ਇਸ ਤੋਂ ਇਲਾਵਾ ਕਿੰਨੂ, ਅੰਗੂਰ, ਆੜੂ, ਸੰਗਤਰਾ, ਕੇਲੇ, ਨਿੰਬੂ, ਬੇਰ ਆਦਿ ਸਮੇਤ ਬਹੁਤ ਸਾਰੇ ਫਲ ਬਾਗਬਾਨੀ ਦੇ ਖੇਤਰ 'ਚ ਆਉਂਦੇ ਹਨ ਪਰ ਇਹ ਫਲ ਮੌਸਮੀ ਅਤੇ ਪੂਰੇ ਸਾਲ ਵਿਚ ਇਕ ਹੀ ਫਸਲ ਦਿੰਦੇ ਹਨ। ਇਸ ਤੋਂ ਬਾਅਦ ਬਾਗਬਾਨ ਵਿਹਲਾ ਹੋ ਜਾਂਦਾ ਹੈ। ਅਮਰੂਦ ਬਾਗਬਾਨ ਦੀ ਖੇਤੀ ਵਿਚ ਅਜਿਹੀ ਫਸਲ ਹੈ, ਜਿਹੜੀ ਪੰਜਾਬ ਦੇ ਹਰ ਖੇਤਰ 'ਚ ਹੋ ਸਕਦੀ ਹੈ ਅਤੇ ਮੌਸਮ ਦੇ ਮੁਤਾਬਕ ਇਕ ਫਸਲ ਵੀ ਨਹੀਂ ਦਿੰਦੀ ਸਗੋਂ ਪੂਰਾ ਸਾਲ ਹੀ ਅਮਰੂਦ ਦੀ ਫਸਲ ਚਲਦੀ ਰਹਿੰਦੀ ਹੈ। ਇਕ ਸਾਲ ਵਿਚ ਤਿੰਨ ਵਾਰੀ ਅਮਰੂਦ ਦੇ ਬਾਗਾਂ ਤੋਂ ਆਮਦਨ ਪ੍ਰਾਪਤ ਕੀਤੀ ਜਾ ਸਕਦੀ ਹੈ।

ਆਮਦਨ ਤੋਂ ਬਿਨ੍ਹਾਂ ਹਰੇ-ਭਰੇ ਖੇਤ ਹੋਣ ਕਰ ਕੇ ਹਰਿਆਵਲ ਵਿਚ ਵੀ ਵਾਧਾ ਹੁੰਦਾ ਹੈ। ਜੇਕਰ ਹੋਰ ਜ਼ਿਆਦਾ ਆਮਦਨ ਲੈਣੀ ਹੋਵੇ ਤਾਂ ਅਮਰੂਦ ਦੇ ਬਾਗਾਂ ਵਿਚ ਵੇਲ੍ਹਾਂ ਵਾਲੀਆਂ ਸਬਜ਼ੀਆਂ ਵੀ ਬੀਜੀਆਂ ਜਾ ਸਕਦੀਆਂ ਹਨ ਪਰ ਵੇਲ੍ਹ ਅਮਰੂਦ ਦੇ ਬੂਟੇ 'ਤੇ ਨਹੀਂ ਚੜ੍ਹਨੀ ਚਾਹੀਦੀ ਹੈ, ਸਗੋਂ ਅਮਰੂਦ ਦੇ ਬਾਗਾਂ ਵਿਚ ਉੱਘੇ ਹੋਏ ਘਾਹ-ਫੂਸ ਦੁਆਲੇ ਹੀ ਘੁੰਮਦੀ ਰਹਿਣੀ ਚਾਹੀਦੀ ਹੈ।

**ਅਮਰੂਦ ਦੇ ਬਾਗ ਲਗਾਉਣ ਦਾ ਸਮਾਂ:**

ਅਮਰੂਦ ਦੇ ਬਾਗ ਲਗਾਉਣ ਦਾ ਸਮਾਂ ਜੂਨ-ਜੁਲਾਈ ਹੀ ਢੁਕਵਾਂ ਮੰਨਿਆ ਜਾਂਦਾ ਹੈ। ਭਾਵੇਂ ਨਵੰਬਰ ਤੋਂ ਬਾਅਦ ਵੀ ਅਮਰੂਦ ਦੇ ਬਾਗ ਲਗਾਏ ਜਾ ਸਕਦੇ ਹਨ ਪਰ ਅੱਗੇ ਸਰਦੀ ਦਾ ਮੌਸਮ ਹੋਣ ਕਾਰਨ ਬੂਟਿਆਂ ਨੂੰ ਠੰਢ ਤੋਂ ਬਚਾਅ ਲਈ ਪ੍ਰਬੰਧ ਕਰਨੇ ਪੈਂਦੇ ਹਨ। ਜਿਸ ਕਰਕੇ ਜੂਨ-ਜੁਲਾਈ ਮਹੀਨੇ ਹੀ ਅਮਰੂਦ ਦੇ ਬਾਗ ਲਗਾਉਣਾ ਚਾਹੀਦਾ ਹੈ। ਜ਼ਿਲ੍ਹਾ ਪਟਿਆਲਾ ਦੇ ਪਿੰਡ ਘੱਗਾ ਵਿਖੇ ਅਮਰੂਦਾ ਦਾ ਬਾਗ ਲਗਾਉਣ ਵਾਲੇ ਰਛਪਾਲ ਸਿੰਘ ਪੁੱਤਰ ਬਲਦੇਵ ਸਿੰਘ ਨੇ ਦੱਸਿਆ ਕਿ ਇਕ ਏਕੜ ਵਿਚ 110 ਤੋਂ 145 ਅਮਰੂਦਾ ਦੇ ਬੂਟੇ ਲਗਾਏ ਜਾ ਸਕਦੇ ਹਨ।

**ਬੂਟੇ ਦੀ ਕੀਮਤ ਅਤੇ ਕਿਸਮਾਂ** : ਅਮਰੂਦ ਦੇ ਬੂਟਿਆਂ ਦੀ ਸਭ ਤੋਂ ਵੱਧ ਪ੍ਰਚੱਲਿਤ ਕਿਸਮ ਨੂੰ ਹਿਸਾਰ ਸਫੈਦਾ ਕਿਹਾ ਜਾਂਦਾ ਹੈ। ਜ਼ਿਆਦਾਤਰ ਇਹ ਹੀ ਕਿਸਮ ਬਾਗਬਾਨੀ ਲਈ ਵਰਤੀ ਜਾ ਰਹੀ ਹੈ। ਪਰ ਬਾਗ ਅੰਦਰ ਕਿਸਮ ਵਧਾਉਣ ਲਈ ਐਪਲ ਗਬਾਬਾ ਕਿਸਮ ਦੇ ਕੁਝ ਬੂਟੇ ਵੀ ਲਗਾਏ ਜਾ ਸਕਦੇ ਹਨ। ਇਸ ਕਿਸਮ ਦੇ ਫਲ ਉਪਰੋਂ ਲਾਲ ਰੰਗ ਦੇ ਹੁੰਦੇ ਹਨ। ਅਮਰੂਦਾਂ ਦੀ ਤੀਸਰੀ ਕਿਸਮ ਪੰਜਾਬ ਪਿੰਕ ਹੈ। ਇਸ ਕਿਸਮ ਦੇ ਫਲਾਂ ਦਾ ਰੰਗ ਅੰਦਰੋਂ ਲਾਲ ਹੁੰਦਾ ਹੈ। ਸਰਕਾਰੀ ਤੌਰ ਤੇ ਅਮਰੂਦ ਦੇ ਬੂਟੇ ਦੇ ਕੀਮਤ 45 ਰੁਪਏ ਪ੍ਰਤੀ ਬੂਟਾ ਰੱਖੀ ਗਈ ਹੈ ਪਰ ਨਿੱਜੀ ਤੌਰ 'ਤੇ ਅਮਰੂਦਾਂ ਵਿਚ ਬੂਟੇ ਤਿਆਰ ਕਰਨ ਵਾਲੀਆਂ ਨਰਸਰੀਆਂ 100/150 ਰੁਪਏ ਪ੍ਰਤੀ ਬੂਟੇ ਦੀ ਕੀਮਤ ਰੱਖਦੀਆਂ ਹਨ। ਹਰਿਆਣਾ ਰਾਜ ਦੇ ਕਸਬਾ ਭੂਨਾ ਅਤੇ ਕਲਾਇਤ ਵਿਖੇ ਅਮਰੂਦ ਦੇ ਬੂਟੇ ਤਿਆਰ ਕਰਨ ਵਾਲੀਆਂ ਨਰਸਰੀਆਂ ਹਨ ਪਰ ਕਲਾਈਤ ਨੇੜੇ ਪਿੰਡ ਜਲਾਨੀਖੇੜਾ 'ਚ ਰਹੀ ਨਰਸਰੀ ਵਿਚੋਂ ਮਿਲਣ ਵਾਲੇ ਬੂਟਿਆਂ ਦੀ ਕੀਮਤ ਵੀ ਠੀਕ ਦੱਸੀ ਜਾ ਰਹੀ ਹੈ ਅਤੇ ਨਰਸਰੀ ਵਧੀਆ ਬੂਟੇ ਤਿਆਰ ਕਰਨ ਕਰ ਕੇ ਰਾਸ਼ਟਰੀ ਪੱਧਰ 'ਤੇ ਐਵਾਰਡ ਵੀ ਲੈ ਚੁੱਕੀ ਹੈ। ਜਿਸ ਕਰਕੇ ਅਮਰੂਦਾਂ ਦਾ ਬਾਗ ਲਗਾਉਣ ਤੋਂ ਪਹਿਲਾਂ ਬੂਟੇ ਕਿਸੇ ਭਰੋਸੇਯੋਗ ਸਰਕਾਰੀ ਜਾਂ ਗੈਰ ਸਰਕਾਰੀ ਨਰਸਰੀ ਤੋਂ ਹੀ ਲੈਣੇ ਚਾਹੀਦੇ ਹਨ।



**ਅਮਰੂਦ ਦੇ ਫਲਾਂ ਦੀ ਤੁੜਾਈ :**

ਅਮਰੂਦ ਦੇ ਫਲਾਂ ਦੀ ਤੁੜਾਈ ਖਾਸ ਕਰਕੇ ਹਿਸਾਬ ਸਫੈਦਾ ਕਿਸਮ ਦੀ ਨਵੰਬਰ ਅਤੇ ਮਾਰਚ ਵਿਚ ਕੀਤੀ ਜਾ ਸਕਦੀ ਹੈ। ਲੀਚੀ, ਅੰਬ, ਜਾਮਣ, ਅੰਗੂਰ ਆਦਿ ਵਰਗੇ ਫਲਾਂ ਦੇ ਮੁਕਾਬਲੇ ਅਮਰੂਦ ਨੂੰ ਲੰਮੇ ਤੱਕ ਸੰਭਾਲ ਕੇ ਰੱਖਿਆ ਜਾ ਸਕਦਾ ਹੈ ਅਤੇ ਮੰਡੀਕਰਨ ਸਮੇਂ ਫਲ ਖਰਾਬ ਵੀ ਨਹੀਂ ਹੁੰਦਾ।

ਜਦੋਂ ਕਿ ਦੂਸਰੇ ਕੁਝ ਘੰਟਿਆਂ ਬਾਅਦ ਖਰਾਬ ਹੋਣੇ ਸ਼ੁਰੂ ਹੋ ਜਾਂਦੇ ਹਨ ਜਾਂ ਫਿਰ ਮੰਡੀ ਵਿਚ ਲਿਜਾਉਣ ਸਮੇਂ ਸਾਵਧਾਨੀ ਵਰਤਣੀ ਪੈਂਦੀ ਹੈ ਪਰ ਅਮਰੂਦ ਵਿਚ ਅਜਿਹੀ ਕੋਈ ਮੁਸ਼ਕਲ ਨਹੀਂ ਹੈ। ਦੂਸਰਾ ਪੱਖ ਇਹ ਵੀ ਹੈ ਕਿ ਜੇਕਰ ਖਰਾਬ ਮੌਸਮ ਕਾਰਨ ਅਮਰੂਦ ਦਾ ਫਲ ਬੂਟਿਆਂ ਨਾਲੋਂ ਟੁੱਟ ਜਾਵੇ ਤਾਂ ਵੀ ਮੰਡੀ ਵਿਚ ਵੇਚਿਆ ਜਾ ਸਕਦਾ ਹੈ ਪਰ ਜਾਮਣ, ਲੀਚੀ, ਸੰਗਤਰਾ ਬਗੈਰਾ ਬੂਟੇ ਤੋਂ ਟੁੱਟ ਕੇ ਡਿੱਗਣ ਸਾਰ ਹੀ ਖਰਾਬ ਹੋ ਜਾਂਦੇ ਹਨ।

ਜਦੋਂ ਅਸੀਂ ਅਮਰੂਦਾਂ ਦੇ ਬਾਗਾਂ ਤੋਂ ਆਮਦਨ ਹੋਣ ਦੀ ਗੱਲ ਕਰਦੇ ਹਾਂ ਤਾਂ ਇਸ ਦੀ ਆਮਦਨ ਤਿੰਨ ਕੁ ਸਾਲ ਬਾਅਦ ਸ਼ੁਰੂ ਹੋ ਜਾਂਦੀ ਹੈ। ਜਿਹੜੀ ਇਕ ਲੱਖ ਰੁਪਏ ਪ੍ਰਤੀ ਏਕੜ ਤੋਂ ਸ਼ੁਰੂ ਹੋ ਕੇ ਪੰਜ ਲੱਖ ਰੁਪਏ ਪ੍ਰਤੀ ਏਕੜ ਤੱਕ ਪਹੁੰਚ ਸਕਦੀ ਹੈ। ਪੰਜ ਸਾਲ ਦੇ ਬੂਟਿਆਂ ਵਾਲਾ ਬਾਗ ਪ੍ਰਤੀ ਏਕੜ 4 ਤੋਂ ਪੰਜ ਲੱਖ ਰੁਪਏ ਸਲਾਨਾ ਠੇਕੇ 'ਤੇ ਚੜ੍ਹ ਜਾਂਦਾ ਹੈ। ਜੇਕਰ ਬਾਗ ਦਾ ਮਾਲਕ ਖੁਦ ਮੰਡੀਕਰਨ ਕਰਦਾ ਹੈ ਤਾਂ ਹੋਰ ਵੀ ਵੱਧ ਆਮਦਨ ਲੈ ਸਕਦਾ ਹੈ। ਅਸੀਂ ਵੇਖਦੇ ਹਾਂ ਕਿ ਸੜਕਾਂ ਨੇੜੇ ਲਗਾਏ ਗਏ ਅਮਰੂਦਾਂ ਦੇ ਬਾਗ ਜ਼ਿਆਦਾ ਦਿੰਦੇ ਹਨ।

ਅਮਰੂਦਾਂ ਦੇ ਬਾਗਾਂ ਵਿਚ ਪੰਜ ਸਾਲ ਦਾ ਬੂਟਾ ਸਲਾਨਾ ਡੇਢ ਕੁਇੰਟਲ ਫਲ ਦੇ ਸਕਦਾ ਹੈ। ਜਿਸ ਦੀ ਘੱਟੋ-ਘੱਟ ਕੀਮਤ ਅਸੀਂ ਤਿੰਨ ਹਜਾਰ ਰੁਪਏ ਲਾ ਸਕਦੇ ਹਾਂ। ਇਸੇ ਹਿਸਾਬ ਨਾਲ ਜੇਕਰ ਪ੍ਰਤੀ ਏਕੜ 'ਚ 125 ਬੂਟੇ ਵੀ ਵਧੀਆ ਫਲ ਦੇਣ ਵਾਲੇ ਹੋਣ ਤਾਂ ਕਿਸਾਨ ਆਪਣੇ-ਆਪ ਹਿਸਾਬ ਲਗਾ ਸਕਦੇ ਹਨ ਕਿ ਕਣਕ/ਝੋਨੇ ਦੇ ਮੁਕਾਬਲੇ ਅਮਰੂਦ ਦਾ ਬਾਗ ਕਿੰਨੀ ਕਮਾਈ ਦੇ ਰਿਹਾ ਹੈ ਅਤੇ ਮਿਹਨਤ ਵੀ ਫਸਲਾਂ ਦੇ ਮੁਕਾਬਲੇ ਘੱਟ ਕਰਨੀ ਪੈਂਦੀ ਹੈ। ਪਾਣੀ ਦੀ ਬੱਚਤ ਹੋਣ ਨਾਲ ਹਰਿਆਵਲ ਹੋਣ ਕਰ ਕੇ ਵਾਤਾਵਰਨ ਵੀ ਸ਼ੁੱਧ ਰਹਿੰਦਾ ਹੈ।

ਬ੍ਰਿਸ ਭਾਨ ਬੁਜਰਕ

# ਮੂੰਗੀ ਅਤੇ ਮਾਂਹ ਦੀ ਦਾਲ ਤੋਂ ਪੌਸ਼ਟਿਕ ਵੜੀਆਂ ਬਣਾਉਣ ਦਾ ਤਰੀਕਾ

ਮੌਜੂਦਾ ਦੌਰ ਵਿਚ ਅਸੀਂ ਆਪਣੇ ਵਿਰਾਸਤੀ ਤਰੀਕੇ ਨਾਲ ਤਿਆਰ ਪਕਵਾਨਾਂ ਦੀ ਵਰਤੋਂ ਘਟਾ ਕੇ ਬਜ਼ਾਰ ਵਿਚ ਡੱਬਾ ਬੰਦ ਭੋਜਨਾਂ ਤੇ ਜ਼ਿਆਦਾ ਯਕੀਨ ਕਰਨਾ ਸ਼ੁਰੂ ਕਰ ਦਿੱਤਾ ਹੈ ਜਿਸਦੇ ਸਿਹਤਮੰਦ ਹੋਣ ਦਾ ਕਾਰਨ ਨਹੀਂ ਹੈ । ਆਓ ਅਸੀਂ ਮੂੰਗੀ ਅਤੇ ਮਾਂਹ ਦੀ ਦਾਲ ਤੋਂ ਪ੍ਰਾਚੀਨ ਪਰੰਪਰਾ ਰਾਹੀਂ ਪੀੜ੍ਹੀ ਦਰ ਪੀੜ੍ਹੀ ਚੱਲੇ ਆ ਰਹੇ ਵੜੀਆਂ ਬਣਾਉਣ ਦੇ ਖਾਸ ਕਿਸਮ ਦੇ ਤਰੀਕੇ ਦੀ ਚਰਚਾ ਕਰੀਏ ਜੋ ਕਿ ਹੇਠ ਲਿਖੇ ਅਨੁਸਾਰ ਹੈ :

**1. ਵੜੀਆਂ ਬਣਾਉਣ ਲਈ ਲੋੜੀਂਦੀ ਸਮੱਗਰੀ**

★ ਮੂੰਗੀ ਦੀ ਦਾਲ : ਮੂੰਗੀ ਦੀ ਦਾਲ ਨੂੰ ਲਗਭਗ 4-6 ਘੰਟੇ ਲਈ ਭਿਉਂ ਦਿਓ । ★ ਮਾਂਹ ਦੀ ਦਾਲ : ਮਾਂਹ ਦੀ ਦਾਲ ਨੂੰ ਲਗਭਗ 6-8 ਘੰਟੇ ਲਈ ਭਿਉਂ ਦਿਓ । ★ ਮਸਾਲੇ : ਸੁੱਕੀ ਮੇਥੀ, ਕਾਲੀ ਮਿਰਚ, ਹਿੰਗ, ਜੀਰਾ, ਸਾਬਤ ਧਨੀਆ, ਸੁੱਕਾ ਅਦਰਕ, ਹਰੀਆਂ ਮਿਰਚਾਂ ਅਤੇ ਹੋਰ ਮਸਾਲੇ ਸਵਾਦ ਅਨੁਸਾਰ

**2. ਸਮੱਗਰੀ ਨੂੰ ਪੀਸਣਾ** : ਦੋਹਾਂ ਦਾਲਾਂ ਦੇ ਅਲੱਗ-ਅਲੱਗ ਭਿੱਜਣ ਤੋਂ ਬਾਅਦ ਉਨ੍ਹਾਂ ਵਿਚੋਂ ਪਾਣੀ ਕੱਢ ਕੇ, ਦਾਲਾਂ ਨੂੰ ਪੀਸ ਕੇ ਪੇਸਟ ਤਿਆਰ ਕਰੋ ਅਤੇ ਪੇਸਟ ਤਿਆਰ ਕਰਦੇ ਸਮੇਂ ਇਹ ਧਿਆਨ ਵਿਚ ਰੱਖੋ ਕਿ ਪੇਸਟ ਜ਼ਿਆਦਾ ਤਰਲ ਅਵਸਥਾ ਵਿਚ ਨਾ ਹੋਵੇ ।

**3. ਮਿਲਾਉਣਾ (ਮਿਕਸਿੰਗ)** : ਇਕ ਵੱਡੇ ਕਟੋਰੇ ਵਿਚ ਦੋਵੇਂ ਦਾਲਾਂ ਦੇ ਪੇਸਟ ਨੂੰ ਮਿਲਾਓ, ਸੁਆਦ ਅਨੁਸਾਰ ਮਸਾਲੇ ਜਿਵੇਂ ਕਿ ਸੁੱਕੀ ਮੇਥੀ, ਕਾਲੀ ਮਿਰਚ, ਹਿੰਗ, ਸਾਬਤ ਧਨੀਆ, ਸੁੱਕਾ ਅਦਰਕ, ਹਰੀਆਂ ਮਿਰਚਾਂ ਆਦਿ ਅਤੇ ਸੁਆਦ ਅਨੁਸਾਰ ਨਮਕ ਪਾਓ ।

**4. ਖਮੀਰਨਾ** : ਉਪਰੋਕਤ ਮਿਸ਼ਰਣ ਨੂੰ ਨਿੱਘੇ ਤਾਪਮਾਨ (ਲਗਭਗ 25-30 ਡਿਗਰੀ ਸੈਲਸੀਅਸ) ਤੇ 3-4 ਘੰਟਿਆਂ ਲਈ ਢੱਕ ਕੇ ਰੱਖੋ ਤਾਂ ਖਮੀਰਨ ਦੀ ਪ੍ਰਕਿਰਿਆ ਪੂਰੀ ਹੋ ਕੇ ਮਿਸ਼ਰਣ ਫੁੱਲ ਜਾਵੇ । ਧਿਆਨ ਰੱਖਣਯੋਗ ਗੱਲ ਇਹ ਹੈ ਕਿ ਜੇਕਰ ਮੌਸਮ ਠੰਡਾ ਹੈ ਤਾਂ ਖਮੀਰਨ ਦਾ ਸਮਾਂ ਜ਼ਿਆਦਾ ਹੋਵੇਗਾ, ਭਾਵ 6-7 ਘੰਟੇ ਲੱਗਣਗੇ ਅਤੇ ਜੇਕਰ ਮੌਸਮ ਗਰਮ ਹੈ ਤਾਂ 3-4 ਘੰਟਿਆਂ ਵਿਚ ਮਿਸ਼ਰਣ ਦਾ ਖਮੀਰਨ ਹੋ ਜਾਵੇਗਾ । ਖਮੀਰਿਆ ਪਦਾਰਥ ਸਾਡੀ ਪਾਚਨ ਪ੍ਰਕਿਰਿਆ ਨੂੰ ਵਧਾਉਂਦਾ ਹੈ ।

**5. ਅਕਾਰ ਦੇਣਾ ਅਤੇ ਸੁਕਾਉਣਾ** : ★ ਚੰਗੀ ਤਰ੍ਹਾਂ ਖਮੀਰਣ ਤੋਂ ਬਾਅਦ ਤਿਆਰ ਹੋਏ ਪਦਾਰਥ ਨੂੰ ਹੱਥਾਂ ਨਾਲ ਛੋਟੇ-ਛੋਟੇ ਗੋਲ ਅਕਾਰਾਂ ਵਿਚ ਜਾਂ ਬਜ਼ਾਰ ਵਿਚ ਉਪਲੱਬਧ ਅਕਾਰ ਦੇਣ ਵਾਲੀਆਂ ਕੀਪਾਂ ਦੀ ਮਦਦ ਨਾਲ ਸੋਹਣੀਆਂ/ਫੈਂਸੀ ਅਕਾਰਾਂ ਵਿਚ ਮਿਸ਼ਰਣ ਨੂੰ ਢਾਲ ਕੇ ਵੜੀਆਂ ਤਿਆਰ ਕੀਤੀਆਂ ਜਾ ਸਕਦੀਆਂ ਹਨ । ਇਸਤੋਂ ਉਪਰੰਤ ਇਨ੍ਹਾਂ ਤਿਆਰ ਹੋਈਆਂ ਵੜੀਆਂ ਨੂੰ ਇਕ ਸੁੱਕੇ ਕੱਪੜੇ ਜਾਂ ਟਰੇਅ ਵਿਚ ਰੱਖਿਆ ਜਾ ਸਕਦਾ ਹੈ । ਪਰ ਧਿਆਨ ਦੇਣ ਯੋਗ ਗੱਲ ਇਹ ਹੈ ਕਿ ਜੇਕਰ ਇਨ੍ਹਾਂ ਵੜੀਆਂ ਨੂੰ ਟਰੇਅ ਵਿਚ ਰੱਖਿਆ ਜਾਂਦਾ ਹੈ ਤਾਂ ਟਰੇਅ ਨੂੰ ਚੰਗੀ ਤਰ੍ਹਾਂ ਸਾਫ ਕਰਕੇ ਤੇਲ ਜਾਂ ਘਿਓ ਨਾਲ ਚੋਪੜ ਕੇ ਰੱਖੋ । ਇਨ੍ਹਾਂ ਵੜੀਆਂ ਨੂੰ ਓਨੀ ਦੇਰ ਧੁੱਪ ਵਿਚ ਸੁਕਾਓ ਜਦੋਂ ਤੱਕ ਇਹ ਸੁੱਕੀਆਂ ਅਤੇ ਸਖਤ ਨਾ ਹੋ ਜਾਣ । ਬਰਸਾਤਾਂ ਦੇ ਮੌਸਮ ਦੌਰਾਨ ਵੜੀਆਂ ਨੂੰ ਸੁੱਕਣ ਵਿਚ 2-3 ਦਿਨ ਲੱਗ ਸਕਦੇ ਹਨ ਅਤੇ ਆਮ ਮਈ -ਜੂਨ ਵਿਚ ਇਕ ਇਕ ਦਿਨ ਵਿਚ ਸੁੱਕ ਸਕਦੀਆਂ ਹਨ ।

**6. ਭੰਡਾਰਨ** : ਇੱਕ ਵਾਰ ਪੂਰੀ ਤਰ੍ਹਾਂ ਸੁੱਕ ਜਾਣ ਤੇ ਵੜੀਆਂ ਨੂੰ ਹਵਾ ਬੰਦ ਡੱਬੇ ਵਿਚ ਭੰਡਾਰਨ ਕਰਕੇ ਇਕ ਸਾਲ ਲਈ ਰੱਖਿਆ ਜਾ ਸਕਦਾ ਹੈ ।

**7. ਖਮੀਰਨ ਦੇ ਫਾਇਦੇ**

★ ਖਮੀਰੇ ਹੋਏ ਪਦਾਰਥ ਤੋਂ ਤਿਆਰ ਵੜੀਆਂ ਸਰੀਰ ਦੀ ਪਾਚਨ ਸ਼ਕਤੀ ਵਧਾਉਂਦੀਆਂ ਹਨ, ਜਿਸ ਨਾਲ ਸਰੀਰ ਵਿਚ ਅਮੀਨੋਂ ਐਸਿਡ ਦਾ ਪੱਧਰ ਵੱਧਦਾ ਹੈ ।

★ ਇਹ ਟੈਨਿਨ, ਪੌਲੀਫਿਨੋਲ ਵਰਗੇ ਤੱਤਾਂ ਨੂੰ ਘਟਾਉਂਦਾ ਹੈ ਕਿਉਂਕਿ ਇਹ ਤੱਤ ਸਾਡੇ ਸਰੀਰ ਵਿਚ ਲੋਹਾ, ਜ਼ਿੰਕ ਅਤੇ ਕੈਲਸ਼ੀਅਮ ਵਰਗੇ ਖਣਿਜ ਪਦਾਰਥਾਂ ਦੀ ਸਮਾਈ ਨੂੰ ਰੋਕਦੇ ਹਨ ।

★ ਖਮੀਰ ਹੋਏ ਪਦਾਰਥ ਤੋਂ ਤਿਆਰ ਵੜੀਆਂ ਦੀ ਪ੍ਰਕਿਰਿਆ ਨਾਲ ਗੁੰਝਲਦਾਰ ਕਾਰਬੋਹਾਈਡਰੇਟ ਅਤੇ ਪ੍ਰੋਟੀਨ ਟੁੱਟ ਕੇ ਬੜੀ ਜਲਦੀ ਸਰੀਰ ਵਿਚ ਪਚ ਜਾਂਦਾ ਹੈ ।

★ ਇਹ ਫਾਈਟਿਕ ਐਸਿਡ ਵਰਗੇ ਤੱਤਾਂ ਨੂੰ ਘਟਾਉਂਦਾ ਹੈ ਜੋ ਸਾਡੇ ਸਰੀਰ ਵਿਚ ਖਣਿਜ ਪਦਾਰਥਾਂ ਦੀ ਸਮਾਈ ਨੂੰ ਰੋਕਦਾ ਹੈ ।

★ ਇਸ ਨਾਲ ਅੰਤੜੀਆਂ ਵਿਚ ਲਾਭਕਾਰੀ ਬੈਕਟੀਰੀਆ ਦਾਖਲ ਹੁੰਦੇ ਹਨ ਅਤੇ ਅੰਤੜੀਆਂ ਦੀ ਸਿਹਤ ਵਿਚ ਸੁਧਾਰ ਹੁੰਦਾ ਹੈ ।

★ ਇਹ ਰੋਗਾਂ ਨਾਲ ਲੜਨ ਦੀ ਸ਼ਕਤੀ ਨੂੰ ਵਧਾਉਂਦਾ ਹੈ ।

★ ਇਸ ਨਾਲ ਦਾਲਾਂ ਨੂੰ ਹਜ਼ਮ ਕਰਨਾ ਸੌਖਾ ਹੋ ਜਾਂਦਾ ਹੈ ਕਿਉਂਕਿ ਸਿੱਧੇ ਤੌਰ ਤੇ ਦਾਲਾਂ ਦੇ ਫੁੱਲਣ ਜਾਂ ਗੈਸ ਬਣਨ ਕਾਰਨ ਸਰੀਰ ਨੂੰ ਮੁਸ਼ਕਿਲਾਂ ਖੜ੍ਹੀਆਂ ਹੋ ਸਕਦੀਆਂ ਹਨ ।

★ ਇਹ ਪ੍ਰਕਿਰਿਆ ਇੱਕ ਕੁਦਰਤੀ ਸੰਭਾਲ ਵਿਧੀ ਵਜੋਂ ਕੰਮ ਕਰਦੀ ਹੈ ਜੋ ਕਿ ਅਨਾਜ਼ਾਂ ਦੀ ਉਪਰ ਵਧਾਉਣੀ ਹੈ ਅਤੇ ਪੈਦਾ ਹੋਣ ਵਾਲੇ ਐਸਿਡ, ਹਾਨੀਕਾਰਕ ਜਰਾਸੀਮਾਂ ਦੇ ਵਿਕਾਸ ਨੂੰ ਰੋਕਦੀ ਹੈ ।

★ ਇਸ ਪ੍ਰਕਿਰਿਆ ਨਾਲ ਤਿਆਰ ਕੀਤੀਆਂ ਵੜੀਆਂ ਬੜੀਆਂ ਸੁਆਦਲੀਆਂ ਅਤੇ ਆਕਰਸ਼ਕ ਹੁੰਦੀਆਂ ਹਨ ।

★ ਕਿਸਾਨਾਂ ਲਈ ਵੜੀਆਂ ਬਣਾਉਣਾ ਇਕ ਲਾਭਦਾਇਕ ਕਿੱਤਾ ਹੋ ਸਕਦਾ ਹੈ ।

★ ਇਹ ਕਿੱਤਾ ਅਪਣਾਉਣ ਲਈ ਸ਼ੁਰੂਆਤੀ ਦੌਰ ਵਿਚ ਬਹੁਤ ਘੱਟ ਲਾਗਤ ਆਉਣ ਕਰਕੇ ਇਹ ਰੁਜ਼ਗਾਰ ਦਾ ਵਧੀਆ ਜ਼ਰੀਆ ਸਾਬਤ ਹੋ ਸਕਦਾ ਹੈ ।

**ਰਜਿੰਦਰ ਕੌਰ ਅਤੇ ਪ੍ਰਦੀਪ ਕੁਮਾਰ, ਕ੍ਰਿਸ਼ੀ ਵਿਗਿਆਨ ਕੇਂਦਰ, ਲੰਗੜੋਆ ।** (ਮੋ. 62839-97411)

------ ਬਾਕੀ ਸਫਾ 3 ਦੀ ------

# ਕਣਕ ਦੀਆਂ ਬਿਮਾਰੀਆਂ ਦੀ ਸਫਲ ਰੋਕਥਾਮ

ਨਾਲ ਫੈਲਦੀ ਹੈ । ਇਸ ਉੱਲੀ ਨੂੰ ਨਸ਼ਟ ਕਰਨ ਲਈ, ਬੀਜ ਦੀ ਸੋਧ ਸਹੀ ਤਰੀਕੇ ਨਾਲ ਕਰਨੀ ਜ਼ਰੂਰੀ ਹੈ । ਬੀਜ ਦੀ ਸੋਧ ਸੂਰਜ ਦੀ ਗਰਮੀ ਜਾਂ ਉੱਲੀਨਾਸ਼ਕਾਂ (13 ਮਿਲੀਲਿਟਰ ਓਰੀਅਸ 6 ਐਫ ਐਸ (ਟੈਬੂਕੋਨਾਜ਼ੋਲ) ਨੂੰ 400 ਮਿਲੀਲਿਟਰ ਪਾਣੀ ਵਿਚ ਘੋਲ ਕੇ 40 ਕਿਲੋ ਬੀਜ ਨੂੰ ਸੋਧੋ ਜਾਂ 120 ਗ੍ਰਾਮ ਵੀਟਾਵੈਕਸ ਪਾਵਰ 75 ਡਬਲਯੂ ਐਸ (ਕਾਰਬੋਕਸਿਨ+ਟੈਟਰਾ ਮਿਥਾਈਲ ਥਾਈਯੂਰਮ ਡਾਈਸਲਫਾਈਡ) ਜਾਂ 80 ਗ੍ਰਾਮ ਵੀਟਾਵੈਕਸ 75 ਡਬਲਯੂ ਪੀ (ਕਾਰਬੋਕਸਿਨ) ਜਾਂ 40 ਗ੍ਰਾਮ ਟੈਬੂਸੀਡ/ਸੀਡੈਕਸ/ਐਕਸਜ਼ੋਲ 2 ਡੀ ਐਸ (ਟੈਬੂਕੋਨਾਜ਼ੋਲ) ਪ੍ਰਤੀ 40 ਕਿਲੋ ਬੀਜ) ਦੇ ਨਾਲ ਸੋਧ ਲਵੋ । ਬੀਜ ਦੀ ਸੋਧ ਬਿਜਾਈ ਤੋਂ ਕਦੇ ਵੀ ਇਕ ਮਹੀਨੇ ਤੋਂ ਪਹਿਲਾਂ ਨਾ ਕਰੋ, ਨਹੀਂ ਤਾਂ ਬੀਜ ਦੀ ਉੱਗਣ ਸ਼ਕਤੀ ਤੇ ਮਾੜਾ ਅਸਰ ਪੈ ਜਾਵੇਗਾ । ਬੀਜ ਦੀ ਸੋਧ, ਬੀਜ ਸੋਧਕ ਡਰੰਮ ਨਾਲ ਚੰਗੀ ਤਰ੍ਹਾਂ ਕੀਤੀ ਜਾ ਸਕਦੀ ਹੈ । ਸੂਰਜ ਦੀ ਗਰਮੀ ਨਾਲ ਬੀਜ ਦੀ ਸੋਧ ਕਰਨ ਲਈ ਮਈ-ਜੂਨ ਦੇ ਮਹੀਨੇ ਕਣਕ ਦੇ ਬੀਜ ਨੂੰ ਸਵੇਰੇ 8 ਵਜੇ ਤੋਂ ਲੈ ਕੇ ਦੁਪਹਿਰ ਦੇ 12 ਵਜੇ ਤੱਕ ਪਾਣੀ ਵਿਚ ਭਿਉਂ ਕੇ ਰੱਖੋ । ਉਸ ਦਿਨ ਧੁੱਪ ਖੂਬ ਹੋਣੀ ਚਾਹੀਦੀ ਹੈ । ਪਿੱਛੋਂ ਇਹ ਬੀਜ ਪਤਲੀ ਤਹਿ ਵਿਛਾ ਕੇ ਪੱਕੇ ਫਰਸ਼, ਚਟਾਈਆਂ ਜਾਂ ਤਰਪਾਲਾਂ ਉੱਪਰ ਧੁੱਪ ਵਿਚ ਸੁੱਕਣੇ ਪਾ ਦਿਓ । ਕਣਕ ਨੂੰ ਚੰਗੀ ਤਰ੍ਹਾਂ ਸੁਕਾ ਕੇ ਖੁਸ਼ਕ ਥਾਂ ਤੇ ਰੱਖ ਲੈਣਾ ਚਾਹੀਦਾ ਹੈ । ਹੁਣ ਸਮੇਂ ਸਿਰ ਬਿਜਾਈ ਵਾਲੀ ਫਸਲ ਦਾ ਸਮਾ ਲੰਘ ਚੁੱਕਾ ਹੈ ਪਰ ਪਛੇਤੀ ਬਿਜਾਈ ਲਈ ਬੀਜ ਨੂੰ ਉੱਲੀਨਾਸ਼ਕ ਦੀ ਵਰਤੋਂ ਕਰਕੇ ਸੋਧਿਆ ਜਾ ਸਕਦਾ ਹੈ । ਖੇਤਾਂ ਵਿਚ ਬਿਮਾਰੀ ਨਜ਼ਰ ਆਉਣ ਤੇ ਕਿਸੇ ਵੀ ਉੱਲੀਨਾਸ਼ਕ ਦਾ ਛਿੜਕਾਅ ਨਹੀਂ ਕਰਨਾ । ਕਾਂਗਿਆਰੀ ਵਾਲੇ ਸਿੱਟੇ ਪਹਿਲਾਂ ਨਿਕਲ ਆਉਂਦੇ ਹਨ ਉਹਨਾਂ ਨੂੰ ਪਲਾਸਟਿਕ ਦਾ ਲਿਫਾਫਾ ਚੜਾ ਕੇ ਕੱਟ ਲਓ ਅਤੇ ਨਸ਼ਟ ਕਰ ਦਿਓ ।

**ਪੱਤਿਆਂ ਦੀ ਕਾਂਗਿਆਰੀ** : ਇਹ ਵੀ ਉੱਲੀ ਬੀਜ ਅਤੇ ਮਿੱਟੀ ਰਾਹੀਂ ਫੈਲਦੀ ਹੈ । ਇਸ ਬਿਮਾਰੀ ਕਾਰਨ ਪੌਦੇ ਦਾ ਆਕਾਰ ਘੱਟ ਜਾਂਦਾ ਹੈ ਅਤੇ ਪੱਤਿਆਂ ਦੇ



ਉੱਪਰ ਸਲੇਟੀ ਜਾਂ ਕਾਲੇ ਰੰਗ ਦੀਆਂ ਧਾਰੀਆਂ ਪੈ ਜਾਂਦੀਆਂ ਹਨ । ਇਨ੍ਹਾਂ ਧਾਰੀਆਂ ਦੇ ਫੱਟਣ ਨਾਲ ਕਾਲੇ ਕਣ ਬਾਹਰ ਨਿਕਲਦੇ ਹਨ । ਇਸ ਬਿਮਾਰੀ ਨਾਲ ਫਸਲ ਦਾ ਵਾਧਾ ਰੁੱਕ ਜਾਂਦਾ ਹੈ ਅਤੇ ਝਾੜ ਘੱਟਦਾ ਹੈ । ਇਸ ਬਿਮਾਰੀ ਦੀ ਰੋਕਥਾਮ ਲਈ, 13 ਮਿਲੀਲਿਟਰ ਓਰੀਅਸ 6 ਐਫ ਐਸ (ਟੈਬੂਕੋਨਾਜ਼ੋਲ) ਨੂੰ 400 ਮਿਲੀਲਿਟਰ ਪਾਣੀ ਵਿਚ ਘੋਲ ਕੇ 40 ਕਿਲੋ ਬੀਜ ਨੂੰ ਸੋਧੋ ਜਾਂ 120 ਗ੍ਰਾਮ ਵੀਟਾਵੈਕਸ ਪਾਵਰ 75 ਡਬਲਯੂ ਐਸ (ਕਾਰਬੋਕਸਿਨ+ਟੈਟਰਾ ਮਿਥਾਈਲ ਥਾਈਯੂਰਮ ਡਾਈਸਲਫਾਈਡ) ਜਾਂ 80 ਗ੍ਰਾਮ ਵੀਟਾਵੈਕਸ 75 ਡਬਲਯੂ ਪੀ (ਕਾਰਬੋਕਸਿਨ) ਜਾਂ 40 ਗ੍ਰਾਮ ਟੈਬੂਸੀਡ/ਸੀਡੈਕਸ/ਐਕਸਜ਼ੋਲ 2 ਡੀ ਐਸ (ਟੈਬੂਕੋਨਾਜ਼ੋਲ) ਪ੍ਰਤੀ 40 ਕਿਲੋ ਬੀਜ ਦੇ ਹਿਸਾਬ ਨਾਲ ਸੋਧ ਲਵੋ । ਜੇ ਬਿਮਾਰੀ ਖੇਤ ਵਿਚ ਆਉਂਦੀ ਹੈ ਤਾਂ ਉੱਲੀਨਾਸ਼ਕ ਦਾ ਛਿੜਕਾਅ ਕੁਝ ਨਹੀਂ ਕਰ ਸਕਦਾ । ਬਿਮਾਰ ਬੂਟਿਆਂ ਨੂੰ ਪੱਟ ਕੇ ਨਸ਼ਟ ਕਰ ਦਿਓ ।

**ਚਿੱਟੋ** : ਇਹ ਰੋਗ ਉੱਲੀ ਦੇ ਕਾਰਨ ਹੁੰਦਾ ਹੈ ਅਤੇ ਇਸ ਰੋਗ ਨਾਲ ਪੌਦੇ ਦੇ ਸਾਰਿਆਂ ਹਿੱਸਿਆਂ ਉੱਤੇ ਅਨੇਕਾਂ



ਚਿੱਟੇ ਆਟੇ ਵਰਗੇ ਧੱਬੇ ਪੈ ਜਾਂਦੇ ਹਨ । ਬਾਅਦ ਵਿਚ ਇਨ੍ਹਾਂ ਦਾ ਰੰਗ ਸਲੇਟੀ ਜਾਂ ਲਾਲ ਭੂਰਾ ਪੈ ਜਾਂਦਾ ਹੈ । ਰੋਗੀ ਬੂਟਿਆਂ ਦੇ ਪੱਤਿਆਂ ਦਾ ਆਕਾਰ ਤੇ ਗਿਣਤੀ ਘੱਟ ਜਾਣ ਕਰਕੇ ਪੌਦੇ ਘੱਟ ਵੱਧਦੇ ਹਨ । ਇਸਦੀ ਰੋਕਥਾਮ ਲਈ 300 ਗ੍ਰਾਮ ਤਾਕਤ 75 ਡਬਲਯੂ ਪੀ (ਕੈਪਟਾਨ + ਹੈਕਸਾਕੋਨਾਜ਼ੋਲ ਜਾਂ 120 ਗ੍ਰਾਮ ਨਟੀਵੋ 75 ਡਬਲਯੂ ਪੀ (ਟ੍ਰਾਈਫਲੋਕਸੀਸਟ੍ਰੋਬਿਨ + ਟੈਬੂਕੋਨਾਜ਼ੋਲ) ਨੂੰ 200 ਲਿਟਰ ਪਾਣੀ ਵਿਚ ਘੋਲ ਕੇ ਪ੍ਰਤੀ ਏਕੜ ਛਿੜਕਾਅ ਕਰੋ ।

**ਕਰਨਾਲ ਬੰਟ** : ਇਸ ਬਿਮਾਰੀ ਨਾਲ ਸਿੱਟਿਆਂ ਵਿਚ ਕੁਝ ਦਾਣਿਆਂ ਦੇ ਹਿੱਸੇ ਤੇ ਅਸਰ ਹੁੰਦਾ ਹੈ । ਜੇਕਰ ਬਿਮਾਰੀ ਵਾਲੇ ਦਾਣਿਆਂ ਨੂੰ ਹੱਥਾਂ ਵਿਚ ਲੈ ਕੇ ਮਲਿਆ ਜਾਵੇ ਤਾਂ ਕਾਲੇ ਰੰਗ ਦੇ ਕਿਣਕੇ ਬਾਹਰ ਨਿਕਲਦੇ ਹਨ ਜਿਨ੍ਹਾਂ ਦੀ ਭੈੜੀ ਦੁਰਗੰਧ ਹੁੰਦੀ ਹੈ । ਇਸ ਬਿਮਾਰੀ ਦੇ ਹਮਲੇ ਦਾ ਖੇਤ ਵਿਚ ਪਤਾ ਨਹੀਂ ਲਗਦਾ । ਬੀਜ ਵਾਲੀ ਫਸਲ ਤੇ ਇਸ ਬਿਮਾਰੀ ਦੀ ਰੋਕਥਾਮ ਲਈ 200 ਮਿਲੀਲਿਟਰ ਟਿਲਟ 25 ਈ ਸੀ (ਪ੍ਰੋਪੀਕੋਨਾਜ਼ੋਲ) ਪ੍ਰਤੀ ਏਕੜ ਦੇ ਹਿਸਾਬ 200 ਲਿਟਰ ਪਾਣੀ ਵਿਚ ਘੋਲ ਕੇ ਸਿੱਟੇ ਨਿਕਲਣ ਵੇਲੇ ਇਕ ਛਿੜਕਾਅ ਕਰੋ ।

**ਸਿੱਟਿਆਂ ਦਾ ਝੁਲਸ ਰੋਗ ਜਾਂ ਸਕੈਬ ਰੋਗ** : ਇਸ ਬਿਮਾਰੀ ਦੇ ਹਮਲੇ ਨਾਲ ਸਿੱਟੇ ਦੇ ਸਾਰੇ ਜਾਂ ਕੁੱਝ ਹਿੱਸੇ ਦਾ ਰੰਗ ਫਿੱਕਾ ਪੈ ਜਾਂਦਾ ਹੈ ਜਾਂ ਭੂਰਾ ਹੋ ਜਾਂਦਾ ਹੈ । ਜਦੋਂ ਨਮੀਂ ਜ਼ਿਆਦਾ ਹੋਵੇ ਤਾਂ ਗੁਲਾਬੀ ਰੰਗ ਦੀ ਉੱਲੀ ਸਿੱਟੇ ਤੇ ਵੇਖੀ ਜਾ ਸਕਦੀ ਹੈ । ਬਿਮਾਰੀ ਵਾਲੇ ਸਿੱਟਿਆਂ ਵਿਚ ਜਾਂ ਤਾਂ ਦਾਣੇ ਬਿਲਕੁਲ ਨਹੀਂ ਬਣਦੇ ਜੇਕਰ ਬਣਦੇ ਵੀ ਹਨ ਤਾਂ ਉਹ ਝੁਰੜੇ ਅਤੇ ਛੋਟੇ ਹੁੰਦੇ ਹਨ । ਵਡਾਣਕ ਕਿਸਮਾਂ ਸਿੱਟਿਆਂ ਦੇ ਝੁਲਸ ਰੋਗ ਜਾਂ ਸਕੈਬ ਦਾ ਘੱਟ ਟਾਕਰਾ ਕਰ ਸਕਦੀਆਂ ਹਨ ਇਸ ਲਈ ਇਨ੍ਹਾਂ ਕਿਸਮਾਂ ਦੀ ਕਾਸ਼ਤ ਜ਼ਿਆਦਾ ਨਮੀਂ ਵਾਲੇ ਇਲਾਕਿਆਂ ਖਾਸ ਕਰਕੇ ਦਰਿਆਵਾਂ ਨੇੜੇ ਨਹੀਂ ਕਰਨੀ ਚਾਹੀਦੀ । ਬਿਮਾਰੀ ਤੋਂ ਰਹਿਤ ਬੀਜ ਦੀ ਵਰਤੋਂ ਕਰਨੀ ਚਾਹੀਦੀ ਹੈ । ਦਸੰਬਰ-ਜਨਵਰੀ ਦੇ ਮਹੀਨੇ ਖੇਤਾਂ ਦੀ ਨਿਗਰਾਨੀ ਕਰਕੇ ਸ਼ੁਰੂਆਤ ਵਿਚ ਅਸੀਂ ਬਿਮਾਰੀ ਦਾ ਪਤਾ ਲਗਾ ਸਕਦੇ ਹਾਂ । ਸ਼ੁਰੂਆਤੀ ਪੱਧਰ ਤੇ ਬਿਮਾਰੀ ਨੂੰ ਰੋਕਣ ਲਈ ਉੱਲੀਨਾਸ਼ਕ ਦੀ ਘੱਟ ਮਾਤਰਾ ਦੀ ਵਰਤੋਂ ਕਰਕੇ (ਸੰਕਰਮਿਤ ਖੇਤਰ ਤੇ) ਉੱਲੀਨਾਸ਼ਕ ਦੀ ਵਰਤੋਂ ਨੂੰ ਘਟਾ ਸਕਦੇ ਹਾਂ ਜਾਂ ਆਪਣੇ ਮੁਨਾਫੇ ਨੂੰ ਵਧਾ ਸਕਦੇ ਹਾਂ, ਅਤੇ ਨਾਲ ਹੀ ਹੋਰ ਖੇਤਾਂ ਵਿਚ ਬਿਮਾਰੀ ਦਾ ਫੈਲਾਅ ਵੀ ਘੱਟ ਹੁੰਦਾ ਹੈ ।

ਬਾਕੀ ਸਫਾ 2 ਦੀ

# ਬਹਾਰ ਰੁੱਤ ਦੀ ਮੱਕੀ ਦੀ ਸਫਲ ਕਾਸ਼ਤ ਤਕਨੀਕੀ ਜਾਣਕਾਰੀ

ਦੇ ਸਮੇਂ ਪਾਣੀ ਦੇ ਸੋਕੇ ਨਾਲ ਇਸ ਬਿਮਾਰੀ ਵਿੱਚ ਵਾਧਾ ਹੁੰਦਾ ਹੈ । ਇਸ ਲਈ ਸਿਫਾਰਸ਼ ਕੀਤੀਆਂ ਕਿਸਮਾਂ ਹੀ ਬੀਜੋ ਅਤੇ ਫਸਲ ਨੂੰ ਲੋੜ ਅਨੁਸਾਰ ਪਾਣੀ ਦਿਓ ਅਤੇ ਪਾਣੀ ਦੀ ਔੜ ਤੋਂ ਬਚਾਓ ।



**ਚੂਹਿਆਂ ਦੀ ਰੋਕਥਾਮ : ਮਸ਼ੀਨੀ ਤਰੀਕੇ** : ਫਸਲਾਂ ਦੀ ਕਟਾਈ ਤੋਂ ਬਾਅਦ ਰੌਣੀ ਵੇਲੇ ਪਾਣੀ ਨਾਲ ਭਰੀਆਂ ਖੁੱਡਾਂ ਵਿਚੋਂ ਨਿਕਲਦੇ ਚੂਹਿਆਂ ਨੂੰ ਮਾਰੋ ।

**ਪਿੰਜਰਿਆਂ ਦੀ ਵਰਤੋਂ** : ਖੇਤਾਂ ਵਿਚ ਚੂਹਿਆਂ ਦੇ ਆਉਣ ਜਾਣ ਦੇ ਸਾਰੇ ਰਸਤਿਆਂ, ਚੂਹਿਆਂ ਦੇ ਨੁਕਸਾਨ ਵਾਲੀਆਂ ਥਾਵਾਂ ਤੇ ਘੱਟੋ ਘੱਟ 16 ਪਿੰਜਰੇ ਪ੍ਰਤੀ ਏਕੜ ਦੇ ਹਿਸਾਬ ਨਾਲ ਰੱਖੋ । ਫੜੇ ਹੋਏ ਚੂਹਿਆਂ ਨੂੰ ਪਾਣੀ ਵਿਚ ਡੁਬੋ ਕੇ ਮਾਰੋ । ਦੁਬਾਰਾ ਪਿੰਜਰਿਆਂ ਦੀ ਵਰਤੋਂ ਘੱਟ ਘੱਟ 30 ਦਿਨਾਂ ਦੇ ਵਕਫੇ ਮਗਰੋਂ ਕਰੋ । ਇਕੋ ਥਾਂ ਤੇ ਬਾਰ ਬਾਰ ਪਿੰਜਰੇ ਨਾ ਰੱਖੋ ਅਤੇ ਹਰ ਵਾਰ ਪਿੰਜਰੇ ਦੀ ਥਾਂ ਬਦਲੋ ।

**ਰਵਾਇਤੀ ਤਰੀਕਿਆਂ ਰਾਹੀਂ ਰੋਕਥਾਮ** : ਖੇਤਾਂ ਦੀ ਸਾਫ ਸਫਾਈ ਰੱਖੋ ਅਤੇ ਪੁਰਾਣੀਆਂ ਖੁੱਡਾਂ ਨੂੰ ਖਤਮ ਕਰਨ ਲਈ ਵੱਟਾਂ, ਖਾਲ ਆਦਿ ਸਮੇਂ ਸਮੇਂ ਸਿਰ ਢਾਹ ਕੇ ਦੁਬਾਰਾ ਬਣਾਉ । ਖੇਤਾਂ ਵਿਚ ਵੱਟਾਂ ਦੀ ਉਚਾਈ ਅਤੇ ਚੌੜਾਈ ਘੱਟ ਰੱਖੋ ਅਤੇ ਫਸਲ ਨੂੰ ਡਿੱਗਣ ਤੋਂ ਬਚਾਉ ।

**ਕੁਦਰਤੀ ਰੋਕਥਾਮ** : ਉੱਲੂ, ਇੱਲਾਂ, ਸ਼ਿਕਰੇ, ਬਾਜ, ਸੱਪ, ਗੋਹ, ਬਿੱਲੀਆਂ, ਨਿਉਲੇ ਆਦਿ ਚੂਹਿਆਂ ਨੂੰ ਖਾਂਦੇ ਹਨ ਅਤੇ ਉਨ੍ਹਾਂ ਦੇ ਕੁਦਰਤੀ ਦੁਸ਼ਮਣ ਹਨ । ਇਹਨਾਂ ਦੇ ਬਚਾ ਲਈ ਹਰ ਹੀਲਾ ਵਰਤੋ ।



# ਜਨਵਰੀ ਮਹੀਨੇ ਦੇ ਖੇਤੀ ਰੁਝੇਵੇਂ

**ਸੰਯੋਜਕ** : ਅਮਰਜੀਤ ਸਿੰਘ । **ਸੰਗ੍ਰਹਿ ਕਰਤਾ** : ਕਮਲਜੀਤ ਸਿੰਘ ਸੂਰੀ, ਅਮਿਤ ਕੌਲ, ਅਰਸ਼ ਆਲਮ ਸਿੰਘ ਗਿੱਲ, ਜਸਵਿੰਦਰ ਸਿੰਘ ਬਰਾੜ, ਜਸਪਾਲ ਸਿੰਘ, ਨਵਨੀਤ ਕੌਰ, ਸਿਮਰਤ ਸਿੰਘ, ਰੂਮਾ ਦੇਵੀ, ਤੇਜਵੀਰ ਸਿੰਘ ਅਤੇ ਸ਼ਿਵਾਨੀ ਸ਼ਰਮਾ

**ਕਣਕ** : ਕਣਕ ਦੀ ਕਿਸਮ ਪੀ ਬੀ ਡਬਲਯੂ 757 ਇਸ ਮਹੀਨੇ ਦੇ ਅੱਧ ਤੱਕ ਬੀਜੀ ਜਾ ਸਕਦੀ ਹੈ। ਨਵੰਬਰ ਵਿੱਚ ਬੀਜੀ ਕਣਕ ਨੂੰ ਇਸ ਮਹੀਨੇ ਦੂਸਰਾ ਪਾਣੀ ਦੇ ਦਿਓ ਅਤੇ ਦਸੰਬਰ ਵਿੱਚ ਬੀਜੀ ਕਣਕ ਨੂੰ ਪਹਿਲਾ ਪਾਣੀ ਦੇ ਦਿਓ। ਪਿਛੇਤੀ ਕਣਕ ਨੂੰ ਨਾਈਟ੍ਰੋਜਨ ਦੀ ਦੂਸਰੀ ਖੁਰਾਕ ਪਹਿਲੇ ਪਾਣੀ ਨਾਲ ਦੇ ਦਿਓ। ਹਲਕੀਆਂ ਜ਼ਮੀਨਾਂ ਵਿੱਚ ਝੋਨੇ ਤੋਂ ਬਾਅਦ ਬੀਜੀ ਕਣਕ ਅਤੇ ਮੈਂਗਨੀਜ਼ ਦੀ ਘਾਟ ਆ ਸਕਦੀ ਹੈ। ਇਸ ਘਾਟ ਸਮੇਂ ਬੂਟੇ ਦੇ ਵਿਚਕਾਰਲੇ ਪੱਤੇ ਪੀਲੇ ਹੋ ਜਾਂਦੇ ਹਨ, ਜਦੋਂ ਕਿ ਨਾੜੀਆਂ ਹਰੀਆਂ ਹੀ ਰਹਿੰਦੀਆਂ ਹਨ ਅਤੇ ਨਾੜੀਆਂ ਵਿਚਕਾਰ ਸਲੇਟੀ-ਗੁਲਾਬੀ ਰੰਗ ਦੇ ਧੱਬੇ ਜਾਂ ਧਾਰੀਆਂ ਪੈ ਜਾਂਦੀਆਂ ਹਨ। ਜੇਕਰ ਖੇਤ ਵਿੱਚ ਅਜਿਹੀਆਂ ਨਿਸ਼ਾਨੀਆਂ ਨਜ਼ਰ ਆਉਣ ਤਾਂ 0.5 ਪ੍ਰਤੀਸ਼ਤ ਮੈਂਗਨੀਜ਼ ਸਲਫੇਟ ਦੇ ਘੋਲ ਦਾ ਛਿੜਕਾਅ ਕਰੋ। ਇਸ ਲਈ 1 ਕਿਲੋ ਮੈਂਗਨੀਜ਼ ਸਲਫੇਟ ਪ੍ਰਤੀ 200 ਲਿਟਰ ਪਾਣੀ ਪ੍ਰਤੀ ਏਕੜ ਵਰਤੋ। ਹਫਤੇ-ਹਫਤੇ ਦੇ ਵਕਫੇ ਤੇ ਤਿੰਨ ਛਿੜਕਾਅ ਕਰੋ। ਜੇਕਰ ਮੈਂਗਨੀਜ਼ ਦੀ ਘਾਟ ਵਾਲੀ ਜ਼ਮੀਨ ਵਿੱਚ ਫਸਲ ਤੇ ਇੱਕ ਛਿੜਕਾਅ



ਪਹਿਲੇ ਪਾਣੀ ਤੋਂ ਪਹਿਲਾਂ ਕਰੀਏ ਤਾਂ ਨਤੀਜੇ ਬਹੁਤ ਵਧੀਆ ਆਉਂਦੇ ਹਨ। ਰੇਤਲੀਆਂ ਜ਼ਮੀਨਾਂ ਵਿੱਚ ਬੀਜੀ ਕਣਕ ਵਿੱਚ ਗੰਧਕ ਦੀ ਘਾਟ ਆ ਸਕਦੀ ਹੈ। ਇਸ ਦੀ ਘਾਟ ਵਿੱਚ ਨਵੇਂ ਪੱਤੇ ਪੀਲੇ ਪੈ ਜਾਂਦੇ ਹਨ ਜਿਹਨਾਂ ਦੀਆਂ ਨੋਕਾਂ ਕੁੱਝ ਹੱਦ ਤੱਕ ਹਰੀਆਂ ਰਹਿੰਦੀਆਂ ਹਨ। ਸਰਦੀਆਂ ਦੀ ਲੰਬੀ ਬਰਸਾਤ ਦੌਰਾਨ ਇਹ ਘਾਟ ਜ਼ਿਆਦਾ ਆਉਂਦੀ ਹੈ। ਘਾਟ ਆਉਣ ਤੇ 100 ਕਿਲੋਗ੍ਰਾਮ ਜਿਪਸਮ ਪ੍ਰਤੀ ਏਕੜ ਦਾ ਛਿੱਟਾ ਦਿਓ। ਪਿਛੇਤੀ ਬੀਜੀ ਕਣਕ ਵਿੱਚੋਂ ਗੁੱਲੀ-ਡੰਡਾ ਅਤੇ ਚੌੜੇ ਪੱਤਿਆਂ ਵਾਲੇ ਨਦੀਨਾਂ ਦੀ ਰੋਕਥਾਮ ਲਈ ਆਈਸੋਪ੍ਰੋਟਯੂਰਾਨ ਨਦੀਨ ਨਾਸ਼ਕ 75 ਘੁਲਣਸ਼ੀਲ 500 ਗ੍ਰਾਮ ਪ੍ਰਤੀ ਏਕੜ ਦੇ ਹਿਸਾਬ ਬਿਜਾਈ ਦੇ 30 ਤੋਂ 35 ਦਿਨਾਂ ਬਾਅਦ ਵਰਤੋ, ਜਦੋਂ ਕਿ ਪਹਿਲਾ ਪਾਣੀ ਦਿੱਤਾ ਹੋਵੇ ਅਤੇ ਖੇਤ ਵਿੱਚ ਤੁਰ-ਫਿਰ ਸਕੋ। ਜਿੱਥੇ ਗੁੱਲੀ ਡੰਡਾ ਆਈਸੋਪ੍ਰੋਟਯੂਰਾਨ ਲਗਾਤਾਰ ਵਰਤਣ ਨਾਲ ਖਤਮ ਨਾ ਹੋਵੇ ਤਾਂ ਉੱਥੇ ਟੌਪਿਕ / ਪੁਆਇੰਟ / ਮੌਲਾਹ / ਰਕਸ਼ਕ ਪਲੱਸ / ਜੇ ਵਿਜੇ / ਟੌਪਲ / ਮਾਰਕਕਲੋਡੀਨਾ/ਕੋਲੰਬਸ 15 ਘੁਲਣਸ਼ੀਲ (ਕਲੋਡੀਨਾਫੌਪ) ਜਾਂ ਐਕਸੀਅਲ 5 ਤਾਕਤ (ਪਿਨੋਕਸਾਡਿਨ) 400 ਗ੍ਰਾਮ ਜਾਂ ਪਿਊਮਾ ਪਾਵਰ 10 ਤਾਕਤ (ਫਿਨੋਕਸਾਪ੍ਰੋਪ ਈਥਾਈਲ) 400 ਮਿ.ਲਿ. ਜਾਂ ਲੀਡਰ/ਐਸ ਐਫ 10, ਸਫਲ 75 ਡਬਲਯੂ ਜੀ/ਮਾਰਕਸਲਫੋ (ਸਲਫੋਸਲਫੂਰਾਨ) 13 ਗ੍ਰਾਮ ਦੀ ਵਰਤੋਂ 30-35 ਦਿਨਾਂ ਵਿੱਚ ਕਰੋ। ਘਾਹ ਵਾਲੇ ਚੌੜੇ ਪੱਤੇ ਵਾਲੇ ਨਦੀਨਾਂ ਦੀ ਰੋਕਥਾਮ ਲਈ ਅਕੌਰਡ ਪਲੱਸ 500 ਮਿ: ਲਿ. ਜਾਂ ਸ਼ਗਨ 21-11 (ਕਲੋਡੀਨਾਫੌਪ + ਮੈਟਰੀਬਿਊਜ਼ਨ) 200 ਗ੍ਰਾਮ ਜਾਂ ਏ ਸੀ ਐਮ-9 (ਕਲੋਡੀਨਾਫੌਪ+ਮੈਟਰੀਬਿਊਜ਼ਨ) 240 ਗ੍ਰਾਮ ਐਟਲਾਂਟਿਸ 36 ਤਾਕਤ 160 ਗ੍ਰਾਮ ਜਾਂ ਟੋਟਲ/ਮਾਰਕਪਾਵਰ 75 ਡਬਲਯੂ ਜੀ 16 ਗ੍ਰਾਮ ਪ੍ਰਤੀ ਏਕੜ ਦੇ ਹਿਸਾਬ ਨਾਲ 30-35 ਦਿਨਾਂ ਵਿਚ ਵਰਤੋ। ਇਹਨਾਂ ਨਦੀਨ ਨਾਸ਼ਕਾਂ ਨੂੰ ਵਰਤਣ ਲਈ 150 ਲਿਟਰ ਪਾਣੀ ਪ੍ਰਤੀ ਏਕੜ ਦੇ ਹਿਸਾਬ ਵਰਤੋ ਅਤੇ ਛਿੜਕਾਅ ਲਈ ਫਲੈਟ ਫੈਨ ਨੋਜ਼ਲ ਵਰਤੋ। ਚੌੜੇ ਪੱਤਿਆਂ ਵਾਲੇ ਨਦੀਨਾਂ ਦੀ ਰੋਕਥਾਮ ਲਈ ਏਮ / ਅਫਿਨਟੀ 40 ਤਾਕਤ (ਕਾਰਫੈਨਟਰਾਜ਼ੋਨ ਈਥਾਈਲ) 20 ਗ੍ਰਾਮ ਜਾਂ ਲਾਫਿਡਾ 50 ਤਾਕਤ (ਮੈਟਸਲਫੂਰਾਨ + ਕਾਰਫੈਂਟਰਾਜ਼ੋਲ) 20 ਗਾਮ 25-30 ਦਿਨਾਂ ਪਿੱਛੋਂ ਜਾਂ 2,4-ਡੀ ਦੀ ਵਰਤੋਂ 250 ਗ੍ਰਾਮ ਪ੍ਰਤੀ ਏਕੜ ਦੇ ਹਿਸਾਬ 45-55 ਦਿਨਾਂ ਬਾਅਦ ਪਿਛੇਤੀ ਬੀਜੀ ਕਣਕ ਤੇ ਵਰਤੋ ਜਾਂ ਕੰਡਿਆਲੀ ਪਾਲਕ ਅਤੇ ਹੋਰ ਚੌੜੇ ਪੱਤਿਆਂ ਵਾਲੇ ਨਦੀਨਾਂ ਦੀ ਰੋਕਥਾਮ ਲਈ ਐਲਗਰਿਪ/ਐਲਗਰਿਪ ਰਾਇਲ 20 ਘੁਲਣਸ਼ੀਲ (ਮੈਟਸਲਫੂਰਾਨ) 10 ਗਾਮ ਪ੍ਰਤੀ ਏਕੜ ਬਿਜਾਈ ਤੋਂ 30 ਤੋਂ 35 ਦਿਨਾਂ ਵਿਚਕਾਰ ਛਿੜਕੋ। ਜੇਕਰ ਕਣਕ ਵਿੱਚ ਸਰ੍ਹੋਂ ਦੀਆਂ ਅਾੜਾਂ ਕੱਢੀਆਂ ਹੋਣ ਤਾਂ 2,4-ਡੀ ਜਾਂ ਲੀਡਰ / ਐਸ ਐਫ 10 ਸਫਲ/ਮਾਰਕਸਲਫੋ, ਐਟਲਾਂਟਿਸ, ਟੋਟਲ/ਮਾਰਕਪਾਵਰ ਨਦੀਨ ਨਾਸ਼ਕ ਨਾਂਹ ਵਰਤੋ। ਪਰ ਆਈਸੋਪ੍ਰੋਟਯੂਰਾਨ / ਟੌਪਿਕ / ਪੁਆਇੰਟ / ਮੌਲਾਹ / ਰਕਸ਼ਕ / ਪਲੱਸ/ਜੇ ਵਿਜੇ / ਟੌਪਲ / ਮਾਰਕਕਲੋਡੀਨਾ / ਕੋਲੰਬਸ, ਪਿਊਮਾ ਪਾਵਰ ਨਦੀਨ ਨਾਸ਼ਕ ਵਰਤ ਸਕਦੇ ਹੋ। ਏਮ / ਅਫਿਨਟੀ ਨਦੀਨ ਨਾਸ਼ਕ 'ਬਟਨ ਬੂਟੀ' ਨੂੰ ਮਾਰਦਾ ਹੈ। ਅਕੌਰਡ ਪਲੱਸ ਅਤੇ ਸ਼ਗਨ 21-11 ਉੱਨਤ ਪੀ ਬੀ ਡਬਲਯੂ-550 ਕਿਸਮ ਉੱਤੇ ਨਾ ਛਿੜਕੋ। ਸਮੇਂ-ਸਮੇਂ ਸਿਰ ਖੇਤਾਂ ਦਾ ਸਰਵੇਖਣ (ਖਾਸ ਤੌਰ ਤੇ ਪਹਾੜੀ ਇਲਾਕਿਆਂ ਵਿੱਚ) ਕਰਦੇ ਰਹੋ। ਜੇਕਰ ਪੀਲੀ ਕੁੰਗੀ ਦੀਆਂ ਨਿਸ਼ਾਨੀਆਂ ਫਸਲ ਤੇ ਨਜ਼ਰ ਆਉਣ ਤਾਂ 300 ਗ੍ਰਾਮ ਤਾਕਤ ਜਾਂ 200 ਗ੍ਰਾਮ ਕੇਵੀਅਟ ਜਾਂ 120 ਗ੍ਰਾਮ ਨਟੀਵੋ ਜਾਂ 200 ਮਿ.ਲਿ. ਐਮਪੈਕਟ ਐਕਸਟਰਾ ਜਾਂ ਕਸਟੋਡੀਆ ਜਾਂ ਓਪੇਰਾ ਜਾਂ ਟਿਲਟ ਜਾਂ ਸ਼ਾਈਨ ਜਾਂ ਬੰਪਰ ਜਾਂ ਕੰਮਪਸ ਜਾਂ ਮਾਰਕਜ਼ੋਲ ਜਾਂ ਸਟਿਲਟ ਨੂੰ 200 ਲਿਟਰ ਪਾਣੀ ਪ੍ਰਤੀ ਏਕੜ ਦੇ ਹਿਸਾਬ ਨਾਲ ਛਿੜਕਾਅ ਕਰੋ।

**ਤੇਲ ਬੀਜ ਅਤੇ ਸਰ੍ਹੋਂ** : ਕੋਰੇ ਤੋਂ ਬਚਾਉਣ ਲਈ ਸਰ੍ਹੋਂ, ਰਾਇਆ ਅਤੇ ਗੋਭੀ ਸਰ੍ਹੋਂ ਨੂੰ ਪਾਣੀ ਦਿਓ। ਸਰ੍ਹੋਂ ਅਤੇ ਰਾਇਆ ਦੀ ਫਸਲ ਨੂੰ ਚੇਪੇ ਦੇ ਹਮਲੇ ਤੋਂ ਬਚਾਉਣ ਲਈ 40 ਗ੍ਰਾਮ ਐਕਟਾਰਾ 25 ਤਾਕਤ ਜਾਂ 400 ਮਿਲੀਲਿਟਰ ਰੋਗਰ 30 ਜਾਂ 600 ਮਿਲੀਲਿਟਰ ਡਰਸਬਾਨ/ਕੋਰੋਬਾਨ 20 ਤਾਕਤ ਨੂੰ 80-125 ਲਿਟਰ ਪਾਣੀ ਵਿੱਚ ਪਾ ਕੇ ਪ੍ਰਤੀ ਏਕੜ ਦੇ ਹਿਸਾਬ ਨਾਲ ਛਿੜਕਾਅ ਕਰੋ। ਰੋਗਰ ਸੁਰੰਗੀ ਕੀੜੇ ਦੀ ਰੋਕਥਾਮ ਵੀ ਕਰੇਗੀ। ਚਿੱਟੀ ਕੁੰਗੀ ਤੋਂ ਬਚਾਅ ਲਈ 250 ਗ੍ਰਾਮ ਰਿਡੋਮਿਲ ਗੋਲਡ-45 ਨੂੰ 100 ਲਿਟਰ ਪਾਣੀ ਵਿੱਚ ਘੋਲ ਕੇ ਫਸਲ ਦੀ ਬਿਜਾਈ ਤੋਂ 60 ਅਤੇ 80 ਦਿਨਾਂ ਬਾਅਦ ਛਿੜਕੋ। ਤਣੇ ਦੇ ਗਾਲੇ ਨੂੰ ਕਾਬੂ ਹੇਠ ਰੱਖਣ ਲਈ 25 ਦਸੰਬਰ ਤੋਂ ਲੈ ਕੇ 15 ਜਨਵਰੀ ਤੱਕ ਫਸਲ ਨੂੰ ਪਾਣੀ ਨਾ ਲਗਾਓ।

**ਕਮਾਦ** : ਕਮਾਦ ਦੀਆਂ ਦਰਮਿਆਨੀਆਂ ਅਤੇ ਪਿਛੇਤੀਆਂ ਕਿਸਮਾਂ, ਜੋ ਕਿ ਜਨਵਰੀ ਦੇ ਅਖੀਰ ਵਿੱਚ ਪੱਕ ਕੇ ਤਿਆਰ ਹੁੰਦੀਆਂ ਹਨ, ਦੀ ਪਿੜਾਈ ਅਤੇ ਕਟਾਈ (ਮਿੱਲਾਂ ਲਈ) ਸ਼ੁਰੂ ਕਰ ਦਿਓ।

## ਸੂਰਜਮੁੱਖੀ

ਸੂਰਜਮੁੱਖੀ ਖਾਸ ਕਰਕੇ ਲੰਬਾ ਸਮਾਂ ਲੈ ਕੇ ਪੱਕਣ ਵਾਲੀਆਂ ਕਿਸਮਾਂ ਦੀ ਬਿਜਾਈ ਲਈ ਇਹ ਢੁੱਕਵਾਂ ਸਮਾਂ ਹੈ। ਬਿਜਾਈ ਵੱਟਾਂ ਤੇ ਕਰੋ ਅਤੇ ਵੱਟਾਂ ਵਿਚਕਾਰ ਫਾਸਲਾ 2 ਫੁੱਟ ਅਤੇ ਬੂਟਿਆਂ ਦਰਮਿਆਨ ਫਾਸਲਾ ਇੱਕ ਫੁੱਟ ਰੱਖੋ। ਬੀਜ ਵੱਟ ਦੇ ਦੱਖਣ ਵਾਲੇ ਪਾਸੇ ਬੀਜੋ। ਇਸ ਦੀ ਬਿਜਾਈ ਲਈ ਫਾਲਿਆਂ ਵਾਲਾ ਜਾਂ ਸਿਅੜਾਂ ਵਾਲਾ ਰਿਜ਼ਰ ਪਲਾਂਟਰ ਵਰਤਿਆ ਜਾ ਸਕਦਾ ਹੈ। ਬੀਜ ਪੂਰਬ-ਪੱਛਮ ਦਿਸ਼ਾ ਵਾਲੀਆਂ ਵੱਟਾਂ ਦੇ ਦੱਖਣ ਵਾਲੇ ਪਾਸੇ ਬੀਜਣ ਨਾਲ ਵੱਧ ਝਾੜ ਪ੍ਰਾਪਤ ਹੁੰਦਾ ਹੈ। ਬੀਜ ਵੱਟ



ਦੇ ਦੱਖਣ ਵਾਲੇ ਪਾਸੇ ਬੀਜੋ। ਸੂਰਜਮੁੱਖੀ ਵਿੱਚ 24 ਕਿਲੋ ਨਾਈਟ੍ਰੋਜਨ (50 ਕਿਲੋ ਯੂਰੀਆ) ਅਤੇ 12 ਕਿਲੋ ਫਾਸਫੋਰਸ (75 ਕਿਲੋ ਸਿੰਗਲ ਸੁਪਰਫਾਸਫੇਟ) ਪ੍ਰਤੀ ਏਕੜ ਬਿਜਾਈ ਵੇਲੇ ਪਾਓ। ਫਾਸਫੋਰਸ ਲਈ ਸਿੰਗਲ ਸੁਪਰਫਾਸਫੇਟ ਨੂੰ ਤਰਜ਼ੀਹ ਦਿਓ, ਕਿਉਂਕਿ ਇਸ ਵਿੱਚ ਗੰਧਕ ਵੀ ਹੁੰਦੀ ਹੈ, ਜਿਹੜੀ ਸੂਰਜਮੁੱਖੀ ਲਈ ਬਹੁਤ ਜ਼ਰੂਰੀ ਹੈ। ਰੇਤਲੀਆਂ ਜ਼ਮੀਨਾਂ ਵਿੱਚ ਅੱਧਾ ਯੂਰੀਆ ਬਿਜਾਈ ਵੇਲੇ ਅਤੇ ਅੱਧਾ ਪਹਿਲਾ ਪਾਣੀ ਲਾਉਣ ਵੇਲੇ ਪਾਓ। ਜੇ ਆਲੂਆਂ ਨੂੰ 20 ਟਨ ਰੂੜੀ ਪ੍ਰਤੀ ਏਕੜ ਪਾਈ ਹੈ ਤਾਂ ਸੂਰਜਮੁੱਖੀ ਨੂੰ 12 ਕਿਲੋ ਨਾਈਟ੍ਰੋਜਨ (25 ਕਿਲੋ ਯੂਰੀਆ) ਪਾਓ। ਜੇ ਸੂਰਜਮੁੱਖੀ ਤੋਰੀਏ ਤੋਂ ਬਾਅਦ ਬੀਜਣਾ ਹੋਵੇ ਤਾਂ ਖੇਤ ਵਿੱਚ 10 ਟਨ ਰੂੜੀ ਪ੍ਰਤੀ ਏਕੜ ਸਿਫਾਰਿਸ਼ ਕੀਤੀਆਂ ਖਾਦਾਂ ਨਾਲ ਵਰਤੋ ਕਰੋ। ਹਲਕੀਆਂ ਅਤੇ ਪੋਟਾਸ਼ ਦੀ ਘਾਟ ਵਾਲੀਆਂ ਜ਼ਮੀਨਾਂ ਨੂੰ 20 ਕਿਲੋ ਮਿਊਰੇਟ ਆਫ ਪੋਟਾਸ਼ ਪਾ ਦਿਓ ਪਰ ਰੋਪੜ, ਹੁਸ਼ਿਆਰਪੁਰ, ਗੁਰਦਾਸਪੁਰ ਜ਼ਿਲ੍ਹਿਆਂ ਵਿੱਚ ਪੋਟਾਸ਼ ਦੀ ਮਾਤਰਾ ਦੁੱਗਣੀ ਪਾਓ। ਜੇਕਰ ਬਿਜਾਈ ਫਰਵਰੀ ਤੱਕ ਪਿਛੇਤੀ ਹੁੰਦੀ ਜਾਪੇ ਤਾਂ ਸੂਰਜਮੁੱਖੀ ਦੀ ਪਨੀਰੀ ਰਾਹੀਂ ਕਾਸ਼ਤ ਕੀਤੀ ਜਾ ਸਕਦੀ ਹੈ। ਫਸਲ ਨੂੰ ਚਿੱਟੀ ਉੱਲੀ ਦੇ ਹਮਲੇ ਤੋਂ ਬਚਾਉਣ ਲਈ ਬੀਜ ਨੂੰ 6 ਗ੍ਰਾਮ ਟੈਗਰਨ ਪ੍ਰਤੀ ਕਿਲੋ ਦੇ ਹਿਸਾਬ ਨਾਲ ਸੋਧ ਕੇ ਬਿਜਾਈ ਕਰੋ।

ਬੀਜ ਲਈ ਰੱਖੀ ਫਸਲ ਨੂੰ ਕੋਰੇ ਤੋਂ ਬਚਾਉਣ ਲਈ ਲਗਾਤਾਰ ਪਾਣੀ ਦਿੰਦੇ ਰਹੋ। ਕੋਰੇ ਤੋਂ ਪ੍ਰਭਾਵਿਤ ਬੀਜ ਘੱਟ ਉੱਗਦਾ ਹੈ। ਮੁੱਢੇ ਰੱਖਣ ਵਾਲੇ ਕਮਾਦ ਦੀ ਕਟਾਈ ਜ਼ਮੀਨ ਦੀ ਪੱਧਰ ਤੇ ਕਰੋ ਜਿਸ ਨਾਲ ਫੁਟਾਰਾ ਚੰਗਾ ਹੁੰਦਾ ਹੈ। ਕਟਾਈ ਤੋਂ ਬਾਅਦ ਖੇਤ ਨੂੰ ਪਾਣੀ ਦੇ ਦਿਓ ਅਤੇ ਗੰਨੇ ਦੀਆਂ ਕਤਾਰਾਂ ਵਿਚਕਾਰ ਹਲ ਵਾਹ ਦਿਓ ਤਾਂ ਜੋ ਨਦੀਨਾਂ ਦੀ ਰੋਕਥਾਮ ਹੋ ਸਕੇ। ਤਰਾਈ ਗੜੂੰਏਂ ਦੀਆਂ ਸੁੰਡੀਆਂ ਮੁੱਢਾਂ ਜਾਂ ਸ਼ਾਖਾਂ ਤੇ ਦਿਖਾਈ ਦੇਣ ਤਾਂ ਪ੍ਰਭਾਵਿਤ ਬੂਟੇ ਇਕੱਠੇ ਕਰਕੇ ਨਸ਼ਟ ਕਰ ਦਿਓ।

**ਮੈਂਥਾ (ਜਾਪਾਨੀ ਪੁਦੀਨਾ)** : ਇਸ ਫਸਲ ਦੀ ਬਿਜਾਈ ਲਈ ਜਨਵਰੀ ਦਾ ਦੂਸਰਾ ਪੰਦਰਵਾੜਾ ਬਹੁਤ ਹੀ ਢੁੱਕਵਾਂ ਸਮਾਂ ਹੈ। ਮੈਂਥੇ ਦੀਆਂ ਦੋ ਲਾਈਨਾਂ ਨੂੰ 67.5 ਸੈਂਟੀਮੀਟਰ ਚੌੜੇ ਬੈੱਡਾਂ ਉੱਪਰ ਬੀਜਣ ਨਾਲ ਹਰਾ ਮਾਦਾ ਮਿਲਦਾ ਹੈ ਅਤੇ ਨਾਲ ਦੀ ਨਾਲ ਪਾਣੀ ਦੀ ਬੱਚਤ ਵੀ ਹੁੰਦੀ ਹੈ। ਪਾਣੀ ਦੀ ਬੱਚਤ ਅਤੇ ਨਦੀਨਾਂ ਦੀ ਰੋਕਥਾਮ ਲਈ ਮੈਂਥੇ ਦੀ ਬਿਜਾਈ ਤੋਂ ਬਾਅਦ 24 ਕੁਇੰਟਲ ਝੋਨੇ ਦੀ ਪਰਾਲੀ ਪ੍ਰਤੀ ਏਕੜ ਦੇ ਹਿਸਾਬ ਨਾਲ ਖਿਲਾਰ ਸਕਦੇ ਹਨ। ਇੱਕ ਏਕੜ ਲਈ ਦੋ ਕੁਇੰਟਲ ਤਾਜ਼ੀਆਂ ਪੁੱਟੀਆਂ 5-8 ਸੈਂਟੀਮੀਟਰ ਲੰਬੀਆਂ ਜੜ੍ਹਾਂ ਚਾਹੀਦੀਆਂ ਹਨ। ਇਨ੍ਹਾਂ ਜੜ੍ਹਾਂ ਨੂੰ 45 ਸੈਂਟੀਮੀਟਰ ਦੀ ਦੂਰੀ ਤੇ ਕਤਾਰਾਂ ਵਿੱਚ ਬੀਜੋ। ਬੀਜਣ ਤੋਂ ਬਾਅਦ ਹਲਕਾ ਪਾਣੀ ਦੇ ਦਿਉ। ਬਿਜਾਈ ਵੇਲੇ 10-15 ਟਨ ਦੇਸੀ ਰੂੜੀ, 33 ਕਿਲੋ ਯੂਰੀਆ ਅਤੇ 100 ਕਿੱਲੋ ਸਿੰਗਲ ਸੁਪਰਫਾਸਫੇਟ ਵੀ ਪਾਉ। 33 ਕਿਲੋ ਯੂਰੀਆ ਦੀ ਦੂਸਰੀ ਕਿਸ਼ਤ ਬਿਜਾਈ ਤੋਂ 40 ਦਿਨਾਂ ਬਾਅਦ ਪਾਓ।

**ਚਾਰੇ ਦੀ ਕਾਸ਼ਤ** : ਜੇਕਰ ਜਵੀਂ ਦੀਆਂ ਦੋ ਕਟਾਈਆਂ ਲੈਣੀਆਂ ਹੋਣ ਤਾਂ ਇੱਕ ਕਟਾਈ ਜਨਵਰੀ ਵਿੱਚ ਲਵੋ। ਜਿਸ ਖੇਤ ਵਿੱਚ ਬੂਈਂ (ਪੋਆ ਘਾਹ) ਨਦੀਨ ਬਹੁਤ ਹੋਵੇ ਉੱਥੋਂ ਦੋ ਕਟਾਈਆਂ ਨਾ ਲਵੋ। ਬਰਸੀਮ/ਸ਼ਫਤਲ ਦਾ ਬੀਜ ਬਣਾਉਣ ਲਈ, ਇਸ ਮਹੀਨੇ ਦੇ ਪਹਿਲੇ ਪੰਦਰਵਾੜੇ ਵਿੱਚ ਬਿਜਾਈ ਕਰ ਸਕਦੇ ਹੋ। ਜੇਕਰ ਲੂਸਣ ਬੀਜਿਆ ਹੋਵੇ ਤਾਂ ਉਸ ਦੀ ਸੰਭਾਲ ਇਸ ਤਰ੍ਹਾਂ ਕਰੋ ਕਿ ਚਾਰੇ ਦੀ ਥੁੜ ਵਾਲੇ ਦਿਨਾਂ ਵਿੱਚ ਇਹ ਚਾਰਾ ਦੇਵੇ। ਬਰਸੀਮ ਦੇ ਤਣੇ ਦਾ ਗਲਣਾ ਕਈ ਵਾਰ ਜ਼ਿਆਦਾ ਨਮੀਂ ਹੋਣ ਕਰਕੇ ਹੋ ਜਾਂਦਾ ਹੈ। ਇਸ ਦੀ ਰੋਕਥਾਮ ਲਈ ਬਰਸੀਮ ਦੀ ਕਟਾਈ ਮਗਰੋਂ ਖੇਤ ਨੂੰ ਧੁੱਪ ਲੱਗਣ ਦਿਉ। ਗਲੇ-ਸੜੇ ਬੂਟੇ ਨਸ਼ਟ ਕਰ ਦਿਉ।

### ਸਬਜ਼ੀਆਂ

**ਆਲੂ** : ਬਹਾਰ ਰੁੱਤ ਦੇ ਆਲੂਆਂ ਦੀ ਬਿਜਾਈ ਇਸ ਮਹੀਨੇ ਦੇ ਦੂਜੇ ਪੰਦਰਵਾੜੇ ਵਿੱਚ ਖਤਮ ਕਰ ਦੇਣੀ ਚਾਹੀਦੀ ਹੈ। ਜੇਕਰ ਪੱਤਝੜ ਵਾਲੀ ਫਸਲ ਤੋਂ ਤਿਆਰ ਕੀਤਾ ਬੀਜ ਬਹਾਰ ਦੇ ਮੌਸਮ ਵਾਲੀ ਫਸਲ ਲਈ ਵਰਤਣਾ ਹੋਵੇ ਤਾਂ ਬੀਜ ਦਾ ਸੁੱਤਾਪਣ ਜਗਾਉਣ ਜਾਂ ਆਲੂ ਵਿੱਚ ਨਾ ਉੱਗਣ ਦੀ ਸ਼ਕਤੀ ਖਤਮ ਕਰਨ ਲਈ ਆਲੂਆਂ ਦੇ ਛੋਟੇ ਟੁਕੜੇ (ਹਰ ਇੱਕ ਟੁਕੜੇ ਤੇ ਦੋ ਅੱਖਾਂ ਜ਼ਰੂਰ ਹੋਣ) ਬਣਾ ਕੇ ਉਨ੍ਹਾਂ ਨੂੰ ਇੱਕ ਪ੍ਰਤੀਸ਼ਤ ਥਾਇਓ ਯੂਰੀਆ ਘੋਲ ਅਤੇ ਇੱਕ ਪੀ ਪੀ ਐਮ ਜ਼ਿਬਰੈਲਿਕ ਐਸਿਡ ਵਿੱਚ ਇੱਕ ਘੰਟਾ ਡੋਬੋ। ਇਸ ਸੋਧੇ ਹੋਏ ਬੀਜ ਨੂੰ 24 ਘੰਟਿਆਂ ਲਈ ਛਾਵੇਂ ਪਤਲੀਆਂ ਤਹਿਆਂ ਵਿੱਚ ਵਿਛਾ ਕੇ ਸੁਕਾਉ। ਖਰੀਫ ਰੋਗ ਤੋਂ ਬਚਾਅ ਲਈ ਬਹਾਰ ਰੁੱਤੇ ਆਲੂ ਦੇ ਬੀਜ ਨੂੰ ਬਿਜਾਈ ਤੋਂ ਪਹਿਲਾਂ 80 ਮਿ.ਲਿ. ਸਿਸਟੀਵਾ ਜਾਂ 83 ਮਿ.ਲਿ. ਇਮਿਸਟੋ ਪ੍ਰਾਈਮ ਜਾਂ 250

**ਬਾਕੀ ਸਫਾ 10 'ਤੇ**

# ਪੰਜਾਬੀ ਵੀ ਤੁਰੇ ਸਾਈਬਰ ਕਰਾਈਮ ਰਾਹੇ




ਪੰਜਾਬੀਆਂ ਨੂੰ ਸੰਸਾਰ ਦੇ ਵਧੀਆ ਕਿਸਾਨ ਅਤੇ ਜੁਆਨ ਸਮਝਿਆ ਜਾਂਦਾ ਹੈ। ਗੁਰੂ ਨਾਨਕ ਸਾਹਿਬ ਦੇ ਉਪਦੇਸ਼ਾਂ ਅਨੁਸਾਰ ਉਹ ਕਿਰਤ ਕਰਨੀ, ਵੰਡ ਛੱਕਣਾ ਅਤੇ ਨਾਮ ਜਪਣ ਵਿਚ ਵਿਸ਼ਵਾਸ ਰੱਖਦੇ ਸਨ। ਪਰ ਪਤਾ ਨਹੀਂ ਕਿਸ ਦੀ ਨਜ਼ਰ ਲੱਗ ਗਈ ਉਹ ਹੌਲੀ ਹੌਲੀ ਇਨ੍ਹਾਂ ਗੁਣਾਂ ਨੂੰ ਤਿਆਗ ਕਿਸੇ ਹੋਰ ਹੀ ਰਾਹ ਵੱਲ ਤੁਰ ਰਹੇ ਹਨ। ਪੰਜਾਬ ਵਿਚ ਭ੍ਰਿਸ਼ਟਾਚਾਰ, ਮਿਲਾਵਟ ਅਤੇ ਬੇਈਮਾਨੀ ਪੈਰ ਪਸਾਰ ਰਹੇ ਹਨ। ਦੁੱਧ, ਲੱਸੀ, ਪੀਣ ਵਾਲੇ ਨਸ਼ਿਆਂ ਵੱਲ ਮੁੱਖ ਮੋੜ ਰਹੇ ਹਨ। ਹੁਣ ਜਿਹੜੀ ਨਵੀਂ ਬਿਮਾਰੀ ਸੰਸਾਰ ਨੂੰ ਆਪਣੀ ਲਪੇਟ ਵਿਚ ਲੈ ਰਹੀ ਹੈ ਉਸ ਵਿਚ ਵੀ ਪੰਜਾਬੀ ਮੋਹਰੀ ਹੋ ਰਹੇ ਹਨ। ਇਸ ਨਵੀਂ ਬਿਮਾਰੀ ਜਿਸ ਨੂੰ ਸਾਈਬਰ ਕਰਾਈਮ ਆਖਿਆ ਜਾਂਦਾ ਹੈ, ਪੰਜਾਬ ਵਿਚ ਵੀ ਪੈਰ ਪਸਾਰ ਰਹੀ ਹੈ। ਮੈਨੂੰ ਇਹ ਲਿਖਣ ਲਈ ਮਜਬੂਰ ਇਸ ਕਰਕੇ ਹੋਣਾ ਪਿਆ ਕਿ ਕੁਝ ਦਿਨ ਪਹਿਲਾਂ ਹੀ ਸਾਡੇ ਗੁਆਂਢੀ ਪਰਿਵਾਰ ਨੂੰ 17 ਲੱਖ ਦਾ ਚੂਨ੍ਹਾ ਲੱਗਿਆ ਹੈ। ਉਨ੍ਹਾਂ ਦਾ ਬੇਟਾ ਕੈਨੇਡਾ ਵਿਚ ਹੈ। ਉਸ ਦਿਨ ਮਾਂ ਘਰ ਇਕੱਲੀ ਹੀ ਸੀ। ਉਹ ਪੜ੍ਹੀ ਲਿਖੀ ਅਤੇ ਅਧਿਆਪਕ ਹੈ। ਬੇਟੇ ਦੀ ਅਵਾਜ ਬਣਾ ਕੇ ਕਿਸੇ ਨੇ ਉਸਨੂੰ ਫੋਨ ਕੀਤਾ ਤੇ ਆਪਣੀ ਬੁਰੀ ਹਾਲਤ ਬਿਆਨ ਕਰਦੇ ਹੋਏ ਜਲਦੀ ਪੈਸੇ ਭੇਜਣ ਦੀ ਬੇਨਤੀ ਕੀਤੀ। ਇਥੋਂ ਤੱਕ ਆਖਿਆ ਕਿ ਜੇਕਰ ਅੱਜ ਪੈਸੇ ਨਾ ਪਹੁੰਚੇ ਤਾਂ ਉਸ ਨੂੰ ਜੇਲ੍ਹ ਵੀ ਹੋ ਸਕਦੀ ਹੈ। ਆਪਣਾ ਬੈਂਕ ਅਤੇ ਖਾਤਾ ਵੀ ਦੱਸ ਦਿੱਤਾ ਜਿੱਥੇ ਪੈਸੇ ਭੇਜਣੇ ਸਨ। ਮਾਂ ਵਿਚਾਰੀ ਘਬਰਾ ਗਈ। ਬੈਂਕ ਵਿਚ ਜਾ ਕੇ ਆਪਣੀਆਂ ਐਫਡੀਆਂ ਤੁੜਵਾਈਆਂ ਬਿਨ੍ਹਾਂ ਸੋਚੇ ਸਮਝੇ ਪੈਸੇ ਭੇਜ ਦਿੱਤੇ। ਰਾਤ ਨੂੰ ਬੇਟੇ ਫੋਨ ਆਇਆ ਤਾਂ ਮਾਂ ਨੇ ਪੁੱਛਿਆ ਬੇਟਾ ਪੈਸੇ ਮਿਲ ਗਏ ਤੇ ਤੇਰੀ ਮੁਸੀਬਤ ਟਲ ਗਈ ਹੈ। ਬੇਟਾ ਹੈਰਾਨ ਸੀ ਉਸ ਪੁੱਛਿਆ, ਕਿਹੜੀ ਮੁਸੀਬਤ ਤੇ ਕਿਹੜੇ ਪੈਸੇ ?‘‘ ਮਾਂ ਨੇ ਸਾਰੀ ਵਿਥਿਆ ਸੁਣਾਈ ਤਾਂ ਉਸ ਨੂੰ ਪਤਾ ਲੱਗਾ ਕਿ ਉਹ ਠੱਗੇ ਗਏ ਹਨ।

ਕੁਝ ਦਿਨ ਪਹਿਲਾਂ ਮੇਰੇ ਨਾਲ ਵੀ ਕੁੱਝ ਅਜਿਹਾ ਹੋਇਆ ਸੀ। ਕਹਾਣੀ ਨਹੀਂ ਸਗੋਂ ਸੱਚੀ ਆਪ ਬੀਤੀ ਹੈ।

ਮੈਨੂੰ ਸਵੇਰੇ ਕੋਈ 10 ਕੁ ਵਜੇ ਫੋਨ ਆਇਆ। ਮੈਂ ਫੋਨ ਚੁੱਕਿਆ ਤੇ ਅੱਗੋਂ ਅਵਾਜ਼ ਆਈ, ਡਾ. ਰਣਜੀਤ ਸਿੰਘ ਬੋਲ ਰਹੇ ਹਨ। ਮੈਂ ਸੋਚਿਆ ਮੇਰਾ ਕੋਈ ਪਾਠਕ ਹੋਵੇਗਾ ਦਿਨ ਵਿਚ ਅਜੇਹੇ ਕਈ ਫੋਨ ਆਉਂਦੇ ਹਨ। ਮੇਰੇ ਹਾਂ ਕਹਿਣ ਤੇ ਉਹ ਆਖਣ ਲੱਗਾ, ਡਾ. ਸਾਹਿਬ ਮੈਂ ਤੁਹਾਡਾ ਬਹੁਤ ਪੁਰਾਣਾ ਪਾਠਕ ਹਾਂ, ਵੈਸੇ ਤੁਹਾਡਾ ਬੇਟਾ ਕਿੱਥੇ ਕੰਮ ਕਰਦਾ ਹੈ‘‘। ਮੈਨੂੰ ਜਾਪਿਆ ਮੇਰਾ ਕੋਈ ਜਾਣੂ ਹੋਵੇਗਾ ਇਸ ਕਰਕੇ ਮੈਥੋਂ ਦੱਸਿਆ ਗਿਆ। ਇਥੇ ਇਹ ਦੱਸਣਾ ਵੀ ਉਚਿਤ ਹੋਵੇਗਾ ਕਿ ਉਹ ਠੇਠ ਪੰਜਾਬੀ ਬੋਲ ਰਿਹਾ ਸੀ। ਉਸ ਅੱਗੋਂ ਦੱਸਿਆ ਕਿ ਮੈਂ ਦਿੱਲੀ ਪੁਲਿਸ ਤੋਂ ਬੋਲ ਰਿਹਾ, ਤੁਹਾਡਾ ਬੇਟਾ ਇਕ ਗੰਭੀਰ ਕੇਸ ਵਿਚ ਫਸ ਗਿਆ ਹੈ। ਜਦੋਂ ਮੈਂ ਪੁੱਛਿਆ ਕਿ ਕਿਹੜੇ ਕੇਸ ਵਿਚ ਫਸ ਗਿਆ ਤਾਂ ਉਹ ਆਪਣੇ ਦਫਤਰ ਜਾ ਰਿਹਾ ਸੀ ਰਾਹ ਵਿਚ ਕਿਸੇ ਨੇ ਉਸ ਤੋਂ ਲਿਫਟ ਮੰਗੀ ਤਾਂ ਤੁਹਾਡੇ ਬੇਟੇ ਨੇ ਆਪਣੀ ਗੱਡੀ ਵਿਚ ਬਿਠਾ ਲਿਆ। ਅਸੀਂ ਨਾਕੇ ਤੇ ਜਦੋਂ ਕਾਰ ਦੀ ਤਲਾਸ਼ੀ ਲਈ ਤਾਂ ਉਸ ਬੰਦੇ ਕੋਲੋਂ ਨਸ਼ੇ ਦੀਆਂ ਪੁੜੀਆਂ ਮਿਲੀਆਂ। ਅਸੀਂ ਉਸ ਨੂੰ ਗ੍ਰਿਫਤਾਰ ਕਰ ਲਿਆ। ਪਰ ਕਿਉਂਕਿ ਉਹ ਤੁਹਾਡੇ ਬੇਟੇ ਦੀ ਗੱਡੀ ਵਿਚ ਸੀ ਇਸ ਕਰਕੇ ਉਸ ਨੂੰ ਵੀ ਗ੍ਰਿਫਤਾਰ ਕਰਨਾ ਪਿਆ। ਮੈਂ ਤੁਹਾਨੂੰ ਇਸ ਕਰਕੇ ਫੋਨ ਕੀਤਾ ਕਿ ਤੁਸੀਂ ਸ਼ਰੀਫ ਆਦਮੀ ਹੋ, ਸਮਾਜ ਵਿਚ ਤੁਹਾਡੀ ਇੱਜ਼ਤ ਹੈ ਤੇ ਤੁਹਾਡਾ ਬੇਟਾ ਵੀ ਚੰਗੇ ਅਹੁੱਦੇ ਉੱਤੇ ਹੈ। ਜੇਕਰ ਉਸ ਨੂੰ ਸਜਾ ਹੋ ਗਈ ਤਾਂ ਜ਼ਿੰਦਗੀ ਬਰਬਾਦ ਹੋ ਜਾਵੇਗੀ। ਮੈਂ ਆਖਿਆ ਬੇਟੇ ਨਾਲ ਮੇਰੀ ਗੱਲ ਕਰਾਓ‘‘ ਉਸ ਆਖਿਆ ਲਵੋਂ ਕਰੋ, ਫੋਨ ਤੇ ਕੋਈ ਰੋਂਦਾ ਹੋਇਆ ਆਖ ਰਿਹਾ ਸੀ ਡੈਡੀ ਮੈਨੂੰ ਬਚਾ ਲਵੋ ਤੇ ਉੱਚੀ-ਉੱਚੀ ਰੋਣ ਲੱਗ ਪਿਆ। ਮੈਂ ਉਸ ਨੂੰ ਤਸੱਲੀ ਦਿੱਤੀ ਕਿ ਤੂੰ ਫਿਕਰ ਨਾ ਕਰ ਤੈਨੂੰ ਕੁੱਝ ਨਹੀਂ ਹੋਣ ਦਿੰਦਾ‘‘ ਮੈਂ ਫੋਨ ਕਰਨ ਵਾਲੇ ਨੂੰ ਪੁੱਛਿਆ ਕਿ ਹੁਣ ਕੀ ਕੀਤਾ ਜਾਵੇ, ਉਹ ਆਖਣ ਲੱਗਾ ਸਾਡਾ ਸਾਹਿਬ ਪਰੇ ਖੜ੍ਹਾ, ਮੈਂ ਉਸ ਨਾਲ ਗੱਲ ਕਰਦਾ ਪਰ ਤੁਸੀਂ ਫੋਨ ਬੰਦ ਨਹੀਂ ਕਰਨਾ। ਦੋ ਕੁ ਮਿੰਟ ਪਿੱਛੋਂ ਮੁੜ ਆਖਣ ਲੱਗਾ ਮੈਂ ਸਾਹਿਬ ਨੂੰ ਬੜੀ ਮੁਸ਼ਕਿਲ ਨਾਲ ਮਨਾਇਆ, ਚਾਰ ਲੱਖ ਮੰਗ ਰਿਹਾ‘‘ ਮੈਂ ਆਖਿਆ, ਮੇਰੇ ਕੋਲ ਇਤਨੇ ਪੈਸੇ ਤਾਂ ਨਹੀਂ ਹਨ। ਉਹ ਕਹਿੰਦਾ ਤੁਸੀਂ ਕੀ ਦੇਵੋਂਗੇ, ਮੈਂ ਆਖਿਆ ਮੈਂ ਤਾਂ ਦੋ ਲੱਖ ਹੀ ਦੇ ਸਕਦਾ ਹਾਂ।

ਉਹ ਮੈਂ ਕੋਸ਼ਿਸ਼ ਕਰਦਾ ਹਾਂ।

ਇਸ ਨਵੀਂ ਬਿਮਾਰੀ ਜਿਸ ਨੂੰ ਸਾਈਬਰ ਕਰਾਈਮ ਆਖਿਆ ਜਾਂਦਾ ਹੈ, ਪੰਜਾਬ ਵਿਚ ਵੀ ਪੈਰ ਪਸਾਰ ਰਹੀ ਹੈ। ਮੈਨੂੰ ਇਹ ਲਿਖਣ ਲਈ ਮਜਬੂਰ ਇਸ ਕਰਕੇ ਹੋਣਾ ਪਿਆ ਕਿ ਕੁਝ ਦਿਨ ਪਹਿਲਾਂ ਹੀ ਸਾਡੇ ਗੁਆਂਢੀ ਪਰਿਵਾਰ ਨੂੰ 17 ਲੱਖ ਦਾ ਚੂਨ੍ਹਾ ਲੱਗਿਆ ਹੈ। ਉਨ੍ਹਾਂ ਦਾ ਬੇਟਾ ਕੈਨੇਡਾ ਵਿਚ ਹੈ। ਉਸ ਦਿਨ ਮਾਂ ਘਰ ਇਕੱਲੀ ਹੀ ਸੀ। ਉਹ ਪੜ੍ਹੀ ਲਿਖੀ ਅਤੇ ਅਧਿਆਪਕ ਹੈ। ਬੇਟੇ ਦੀ ਅਵਾਜ ਬਣਾ ਕੇ ਕਿਸੇ ਨੇ ਉਸਨੂੰ ਫੋਨ ਕੀਤਾ ਤੇ ਆਪਣੀ ਬੁਰੀ ਹਾਲਤ ਬਿਆਨ ਕਰਦੇ ਹੋਏ ਜਲਦੀ ਪੈਸੇ ਭੇਜਣ ਦੀ ਬੇਨਤੀ ਕੀਤੀ। ਇਥੋਂ ਤੱਕ ਆਖਿਆ ਕਿ ਜੇਕਰ ਅੱਜ ਪੈਸੇ ਨਾ ਪਹੁੰਚੇ ਤਾਂ ਉਸ ਨੂੰ ਜੇਲ੍ਹ ਵੀ ਹੋ ਸਕਦੀ ਹੈ। ਆਪਣਾ ਬੈਂਕ ਅਤੇ ਖਾਤਾ ਵੀ ਦੱਸ ਦਿੱਤਾ ਜਿੱਥੇ ਪੈਸੇ ਭੇਜਣੇ ਸਨ। ਮਾਂ ਵਿਚਾਰੀ ਘਬਰਾ ਗਈ। ਬੈਂਕ ਵਿਚ ਜਾ ਕੇ ਆਪਣੀਆਂ ਐਫਡੀਆਂ ਤੁੜਵਾਈਆਂ ਬਿਨ੍ਹਾਂ ਸੋਚੇ ਸਮਝੇ ਪੈਸੇ ਭੇਜ ਦਿੱਤੇ। ਰਾਤ ਨੂੰ ਬੇਟੇ ਫੋਨ ਆਇਆ ਤਾਂ ਮਾਂ ਨੇ ਪੁੱਛਿਆ ਬੇਟਾ ਪੈਸੇ ਮਿਲ ਗਏ ਤੇ ਤੇਰੀ ਮੁਸੀਬਤ ਟਲ ਗਈ ਹੈ। ਬੇਟਾ ਹੈਰਾਨ ਸੀ ਉਸ ਪੁੱਛਿਆ, ਕਿਹੜੀ ਮੁਸੀਬਤ ਤੇ ਕਿਹੜੇ ਪੈਸੇ ?’’ ਮਾਂ ਨੇ ਸਾਰੀ ਵਿਥਿਆ ਸੁਣਾਈ ਤਾਂ ਉਸ ਨੂੰ ਪਤਾ ਲੱਗਾ ਕਿ ਉਹ ਠੱਗੇ ਗਏ ਹਨ।



ਡਾ. ਰਣਜੀਤ ਸਿੰਘ

ਥੋੜ੍ਹੀ ਦੇਰ ਪਿੱਛੋਂ ਆਖਣ ਲੱਗਾ, ਮੈਂ ਬੜੀ ਮਸ਼ਕਿਲ ਨਾਲ ਮਨਾਇਆ। ਤੁਸੀਂ ਇੰਝ ਕਰੋ ਮੈਂ ਤੁਹਾਨੂੰ ਬੈਂਕ ਤੇ ਖਾਤਾ ਨੰਬਰ ਦੱਸਣਾ ਹੁਣੇ ਪੈਸੇ ਭੇਜ ਦੇਵੋ ਪਰ ਫੋਨ ਬੰਦ ਨਹੀਂ ਕਰਨਾ। ਤੁਸੀਂ ਫੋਨ ਬੰਦ ਕਰ ਦਿੱਤਾ ਤਾਂ ਸਾਹਿਬ ਨੇ ਚਲਾਣ ਕਰ ਦੇਣਾ, ਫਿਰ ਮੈਂ ਕੁਝ ਨਹੀਂ ਕਰ ਸਕਦਾ। ਉਸ ਦਵਾਰਕਾ ਦੇ ਇਕ ਬੈਂਕ ਦਾ ਨੰਬਰ ਲਿਖਵਾਇਆ ਤੇ ਖਾਤਾ ਧਾਰਕ ਕੋਈ ਔਰਤ ਸੀ। ਖੁਸ਼ਕਿਸਮਤੀ ਸਮਝੋ ਮੈਨੂੰ ਮੋਬਾਇਲ ਰਾਹੀਂ ਪੈਸੇ ਭੇਜਣੇ ਨਹੀਂ ਆਉਂਦੇ ਸੀ‘ ਮੈਂ ਆਖਿਆ ਕੁਝ ਸਮਾਂ ਲੱਗੇਗਾ ਮੈਂ ਆਪਣੇ ਬੈਂਕ ਜਾ ਕੇ ਪੈਸੇ ਭੇਜਦਾ ਹਾਂ।‘‘ ਉਹ ਆਖਣ ਲੱਗਾ ਇਤਨੀ ਦੇਰ ਦੇਰ ਸਾਹਿਬ ਨੇ ਉਡੀਕ ਨਹੀਂ ਕਰਨੀ, ਪੈਸੇ ਤਾਂ ਹੁਣੇ ਭੇਜੋ ਨਹੀਂ ਤਾਂ ਚਲਾਣ ਭਰਿਆ ਜਾਵੇਗਾ‘ ਮੈਂ ਬੇਨਤੀ ਕੀਤੀ ਮੈਨੂੰ ਫੋਨ ਰਾਹੀਂ ਪੈਸੇ ਭੇਜਣੇ ਨਹੀਂ ਆਉਂਦੇ, ਮੇਰੀ ਮਜਬੂਰੀ ਹੈ। ਉਹ ਆਖਣ ਲੱਗਾ ਕਿ ਗਵਾਂਢੀ ਰਾਹੀਂ ਭਿਜਵਾ ਦੇਵੋ‘‘ ਮੇਰੀ ਮਜਬੂਰੀ ਸੀ। ਉਹ ਨਾ ਮੰਨਿਆਂ ਤੇ ਮੈਨੂੰ ਸ਼ੱਕ ਹੋ ਗਿਆ ਤੇ ਮੈਂ ਆਖ ਬੈਠਾ ਜਿਸ ਤਰ੍ਹਾਂ ਤੁਸੀਂ ਕਰ ਰਹੇ ਹੋ ਮੈਨੂੰ ਤਾਂ ਫਰਾਡ ਲੱਗਦਾ ਹੈ। ਇਹ ਸੁਣ ਉਸ ਫੋਨ ਬੰਦ ਕਰ ਦਿੱਤਾ। ਉਦੋਂ ਹੀ ਮੈਂ ਆਪਣੇ ਬੇਟੇ ਨੂੰ ਫੋਨ ਮਿਲਾਇਆ। ਜਦੋਂ ਉਸ ਦੱਸਿਆ ਕਿ ਉਹ ਤਾਂ ਆਪਣੇ ਦਫਤਰ ਵਿਚ ਹੈ ਅਤੇ ਅਜਿਹੀ ਕੋਈ ਘਟਨਾ ਨਹੀਂ ਹੋਈ ਤਾਂ ਮੈਂ ਸ਼ੁਕਰ ਕੀਤਾ ਕਿ ਮੈਂ ਆਪਣੇ ਆਪ ਨੂੰ ਕੋਸਦਾ ਹੁੰਦਾ ਸਾਂ ਕਿ ਮੈਨੂੰ ਮੋਬਾਇਲ ਰਾਹੀਂ ਪੇਮੈਂਟ ਕਰਨੀ ਨਹੀਂ ਆਉਂਦੀ ਸਿੱਖਣਾ ਚਾਹੀਦਾ ਹੈ ਪਰ ਉਸ ਦਿਨ ਇਹ ਨਾ ਆਉਣਾ, ਮੇਰੇ ਲਈ ਵਰਦਾਨ ਬਣ ਕੇ ਆਇਆ।



ਕੁੱਝ ਦਿਨ ਪਹਿਲਾਂ ਰਾਤ ਦੇ ਦਸ ਕੁ ਵਜੇ ਵਟਸਅੱਪ ਤੇ ਫੋਨ ਆਇਆ, ਮੇਰੇ ਹੈਲੋ ਆਖਣ ਤੇ ਉਹ ਬੋਲਿਆ, ਮਾਮਾ ਜੀ ਸਤਿ ਸ੍ਰੀ ਅਕਾਲ, ਕੈਨੇਡਾ ਤੋਂ ਬੋਲ ਰਿਹਾ ਹਾਂ। ਪਹਿਚਾਣਿਆ ਮੈਨੂੰ, ਮੈਂ ਆਖਿਆ ‘ਕੋਸ਼ਿਸ਼ ਕਰ ਰਿਹਾ ਪਰ ਯਾਦ ਨਹੀਂ ਆ ਰਿਹਾ।‘

ਉਹ - ਕੋਸ਼ਿਸ਼ ਕਰੋ।

ਮੇਰੀ ਇਕ ਦੂਰ ਦੀ ਭੈਣ ਦੇ ਬੱਚੇ ਉਥੇ ਰਹਿੰਦੇ ਹਨ ਮੈਂ ਸੋਚਿਆ ਉਹੀ ਹੋਣਗੇ।

ਮੈਂ - ਕੁਲਵੰਤ ਬੋਲ ਰਿਹਾ।

ਉਹ - ਮਾਮਾ ਜੀ ਤੁਸੀਂ ਪਹਿਚਾਣ ਹੀ ਲਿਆ।

ਮੈਂ - ਆਪ ਨੂੰ ਮਿਲਿਆ ਬਹੁਤ ਸਾਲ ਹੋ ਗਏ ਇਸ ਉਮਰ ਵਿਚ ਕਿੱਥੇ ਯਾਦ ਰਹਿੰਦੇ।

ਉਹ - ਹੋਰ ਮਾਮਾ ਜੀ ਮਾਮੀ ਜੀ ਠੀਕ ਹਨ।

ਮੈਂ - ਬਿਲਕੁੱਲ ਠੀਕ ਹਨ।

ਉਹ - ਮਾਮਾ ਜੀ ਮੇਰਾ ਇਕ ਕੰਮ ਕਰੋ।

ਮੈਂ - ਦਸ ਕੀ ਕਰਨਾ ?

ਉਹ - ਮੈਂ ਤੁਹਾਨੂੰ ਕੁੱਝ ਪੈਸੇ ਭੇਜਣੇ ਹਨ ਆਪਣਾ ਬੈਂਕ ਦਾ ਨੰਬਰ ਭੇਜੋ।

ਮੈਂ - ਮੈਨੂੰ ਕਿਉਂ ਭੇਜਣੇ ਹਨ, ਆਪਣੇ ਘਰਦਿਆਂ ਨੂੰ ਭੇਜ।

ਉਹ - ਨਹੀਂ ਮੈਂ ਉਨ੍ਹਾਂ ਨੂੰ ਨਹੀਂ ਭੇਜਣੇ ਮੈਂ ਅਗਲੇ ਮਹੀਨੇ ਆਉਣਾ ਤੇ ਤੁਹਾਡੇ ਤੋਂ ਲੈ ਲਵਾਂਗਾ।

ਮੈਂ - ਨਹੀਂ ਬਈ ਮੈਂ ਬੁੱਢੇ ਵਾਰੇ ਇਸ ਝੰਜਟ ਵਿਚ ਨਹੀਂ ਪੈਣਾ ਨਾਲੇ ਮੈਨੂੰ ਹੁਣ ਖਾਤਾ ਨੰਬਰ ਵੀ ਜ਼ੁਬਾਨੀ ਯਾਦ ਨਹੀਂ ਹੈ।

ਉਹ - ਪਲੀਜ਼ ਮਾਮਾ ਜੀ ਇੰਜ ਨਾ ਕਰੋ ਮੈਨੂੰ ਤੁਹਾਡੇ ਨਾਲ ਬਹੁਤ ਲਗਾਵ ਹੈ।

ਮੈਂ - ਮੇਰੀ ਮਜਬੂਰੀ ਹੈ। ਇਸ ਵੇਲੇ ਰਾਤ ਨੂੰ ਮੈਂ ਪਾਸ ਬੁੱਕ ਕਿੱਥੋਂ ਲੱਭਦਾ ਫਿਰਾਂਗਾ।

ਉਹ - ਅੱਛਾ ਮਾਮਾ ਜੀ ਮੈਨੂੰ ਤਾਂ ਤੁਹਾਡੇ ਤੇ ਬਹੁਤ ਉਮੀਦ ਸੀ।

ਮੈਂ - ਮੇਰੀ ਮਜਬੂਰੀ ਹੈ ਬੇਟਾ, ਸਤਿ ਸ੍ਰੀ ਅਕਾਲ।

ਸ਼ਾਇਦ ਮੈਂ ਨੰਬਰ ਦਸ ਵੀ ਦਿੰਦਾ ਪਰ ਕੋਸ਼ਿਸ਼ ਕਰਨ ਤੇ ਵੀ ਮੈਨੂੰ ਆਪਣਾ ਖਾਤਾ ਨੰਬਰ ਯਾਦ ਨਹੀਂ ਰਹਿੰਦਾ ਕਿਉਂਕਿ ਹੁਣ ਕਾਫੀ ਲੰਬੇ ਨੰਬਰ ਹੋ ਗਏ ਹਨ। ਇਥੇ ਵੀ ਮੇਰੀ ਯਾਦਦਾਸ਼ਤ ਦੀ ਕਮਜ਼ੋਰੀ ਮੇਰੀ ਸਹਾਇਕ ਬਣੀ।

ਪਰ ਪੰਜਾਬੀਆਂ ਦਾ ਇਸ ਪਾਸੇ ਤੁਰਨਾ ਬਹੁਤ ਹੀ ਬੁਰਾ ਹੈ। ਦੁਨੀਆਂ ਦਾ ਸ਼ਾਇਦ ਹੀ ਕੋਈ ਅਜਿਹਾ ਭੈੜ ਹੋਵੇਗਾ ਜਿਸਨੂੰ ਸਾਡੀ ਨਵੀਂ ਪੀੜ੍ਹੀ ਨਹੀਂ ਅਪਨਾ ਰਹੀ। ਵਿਦੇਸ਼ ਤੋਂ ਨਿਤ ਖਬਰਾਂ ਮਿਲਦੀਆਂ ਜਿਸ ਤੋਂ ਪੰਜਾਬੀ ਮੁੰਡੇ ਅਤੇ ਕੁੜੀਆਂ ਵੱਲੋਂ ਨਸ਼ਾ ਤਸਕਰੀ, ਗੁੰਡਾਗਰਦੀ ਅਤੇ ਗਲਤ ਕੰਮ ਕਰਨ ਬਾਰੇ ਜਾਣਕਾਰੀ ਪ੍ਰਾਪਤ ਹੁੰਦੀ ਹੈ। ਜਿੱਥੇ ਪੰਜਾਬੀ ਵਿਦੇਸ਼ਾਂ ਵਿੱਚ ਵਿਉਪਾਰ, ਖੇਤੀ, ਪੜ੍ਹਾਈ ਅਤੇ ਰਾਜਨੀਤੀ ਵਿਚ ਮੱਲ੍ਹਾਂ ਮਾਰ ਰਹੇ ਹਨ ਉਥੇ ਕੁਝ ਬੰਦਿਆਂ ਦੇ ਗਲਤ ਕਾਰਨਾਮੇ ਕੌਮ ਨੂੰ ਬਦਨਾਮ ਕਰਦੇ ਹਨ।

# ਖੁੰਬਾਂ ਦੇ ਕੀੜੇ-ਮਕੌੜੇ, ਮਾਈਟ ਅਤੇ ਨਿਮਾਟੋਡ ਦੀ ਰੋਕਥਾਮ

ਵਿਨੈ ਸਿੰਘ, ਸਰਵਪ੍ਰਿਆ ਸਿੰਘ ਅਤੇ ਗੁਰਦੀਪ ਸਿੰਘ,
ਪੀ. ਏ. ਯੂ.-ਕ੍ਰਿਸ਼ੀ ਵਿਗਿਆਨ ਕੇਂਦਰ, ਬਠਿੰਡਾ, ਮੋਬਾਇਲ : 94183-17248

**ਸਿਆਰਿਡ ਮੱਖੀ** : ਇਹ ਖੁੰਬਾਂ ਦਾ ਸਭ ਤੋਂ ਵੱਧ ਨੁਕਸਾਨ ਕਰਦੀ ਹੈ। ਇਹ ਦੇਖਣ ਵਿੱਚ ਮੱਛਰ ਵਰਗੀ ਹੁੰਦੀ ਹੈ। ਇਹ ਗਲੇ-ਸੜੇ ਪੱਤਿਆਂ ਅਤੇ ਜੰਗਲੀ ਉੱਲੀਆਂ ਵਿਚ ਪਲਦੀ ਹੈ ਅਤੇ ਖੁੰਬਾਂ ਦੀ ਖੁਸ਼ਬੂ ਵੱਲ ਅਕਰਸ਼ਿਤ ਹੋ ਕੇ ਖੁੰਬ ਉਤਪਾਦਨ ਘਰਾਂ ਵਿਚ ਪਹੁੰਚ ਜਾਂਦੀਆਂ ਹਨ। ਇਸਦੇ ਲਾਰਵਾ ਸਫੇਦ ਅਤੇ ਬਿਨ੍ਹਾਂ ਪੈਰਾਂ ਵਾਲਾ ਹੁੰਦਾ ਹੈ ਜਿਸਨੂੰ



ਕਿ ਮੈਗਟ ਕਿਹਾ ਜਾਂਦਾ ਹੈ।

ਮੁੱਢਲੀ ਅਵਸਥਾ ਵਿਚ ਹਮਲਾ ਹੋਣ ਤੇ ਇਹ ਕੰਪੋਸਟ ਨੂੰ ਖਾਂਦੀ ਹੈ ਜੋ ਪੀ. ਐੱਚ ਨੂੰ ਵਧਾਕੇ ਸਪਾਨ ਦੇ ਵਾਧੇ ਨੂੰ ਰੋਕਦੀ ਹੈ ਜਿਸ ਨਾਲ ਉਤਪਾਦਨ ਘਟ ਜਾਂਦਾ ਹੈ। ਇਹ ਫੁੱਟ ਰਹੀਆਂ ਅਤੇ ਵਿਕਸਿਤ, ਦੋਨੋਂ ਤਰ੍ਹਾਂ ਦੀਆਂ ਖੁੰਬਾਂ ਦਾ ਨੁਕਸਾਨ ਕਰਦੀ ਹੈ ਜਿਸ ਕਰਕੇ ਉਹ ਭੂਰੇ ਰੰਗ ਦੀਆਂ ਹੋ ਜਾਂਦੀਆਂ ਹਨ। ਇਸਦੇ ਲਾਰਵੇ ਖੁੰਬਾਂ ਦੀਆਂ ਡੰਡੀਆਂ ਨੂੰ ਖਾਕੇ ਉਹਨਾਂ ਵਿਚ ਮੋਰੀਆਂ ਕਰ ਦਿੰਦੇ ਹਨ ਅਤੇ ਕਈ ਵਾਰ ਪੂਰੇ ਬਟਨ ਨੂੰ ਵੀ ਖਾ ਜਾਂਦੇ ਹਨ। ਬਾਲਗ ਮੱਖੀਆਂ ਕਈ ਰੋਗਾਂ ਅਤੇ ਮਾਈਟ ਲਈ ਵਾਹਕ ਦਾ ਕੰਮ ਕਰਦੀਆਂ ਹਨ।

ਹਰੇਕ ਮਾਦਾ ਮੱਖੀ ਇਸ ਕੰਪੋਸਟ ਵਿਚ ਲਗਭਗ 100-140 ਅੰਡੇ ਦਿੰਦੀ ਹੈ। ਇਹਨਾਂ ਅੰਡਿਆਂ ਤੋਂ ਪੈਦਾ ਹੋਏ ਲਾਰਵੇ ਸਪਾਨ ਨੂੰ ਖਾਂਦੇ ਹਨ। ਖੁੰਬ ਉਤਪਾਦਨ ਘਰਾਂ ਦੇ ਤਾਪਮਾਨ ਅਨੁਸਾਰ, ਇਹਨਾਂ ਲਾਰਵਿਆਂ ਤੋਂ 2-3 ਹਫਤਿਆਂ ਵਿਚ ਹੀ ਬਾਲਗ ਮੱਖੀਆਂ ਦੀ ਇਕ ਨਵੀਂ ਪੀੜ੍ਹੀ ਤਿਆਰ ਹੋ ਜਾਂਦੀ ਹੈ।

**1. ਫੋਰਿਡ ਮੱਖੀ** : ਇਸ ਮੱਖੀ ਦਾ ਆਕਾਰ ਲਗਭਗ 2-3 ਮਿ. ਮੀ. ਹੁੰਦਾ ਹੈ ਅਤੇ ਇਸਦੀ ਪਿੱਠ ਤੇ ਇੱਕ ਕੁੱਬ ਹੁੰਦਾ ਹੈ। ਇਸਦਾ ਲਾਰਵਾ ਸਫੇਦ ਅਤੇ ਬਾਲਗ ਭੂਰੇ-ਕਾਲੇ ਰੰਗ ਦਾ ਹੁੰਦਾ ਹੈ। ਸਿਆਰਿਡ ਵਾਂਗ ਇਸਦੇ ਲਾਰਵੇ ਦੇ ਵੀ ਪੈਰ ਨਹੀਂ ਹੁੰਦੇ। ਬਾਲਗਾਂ ਦਾ ਸਿਰ ਨੁਕੀਲਾ ਹੁੰਦਾ ਹੈ। ਇਹ ਮੱਖੀਆਂ ਤੇਜ਼ ਰਫਤਾਰ ਨਾਲ ਇੱਧਰ-ਉੱਧਰ ਦੌੜਦੀਆਂ ਹਨ। ਮਾਦਾ ਮੱਖੀਆਂ ਵਧ ਰਹੀਆਂ ਖੁੰਬਾਂ ਦੀ ਸਤਹਿ ਉੱਤੇ ਅੰਡੇ ਦਿੰਦੀਆਂ ਹਨ ਜਿਨ੍ਹਾਂ ਵਿੱਚੋਂ ਲਾਰਵੇ ਨਿਕਲਕੇ ਖੁੰਬਾਂ ਦੀਆਂ ਡੰਡੀਆਂ ਵਿਚ ਮੋਰੀਆਂ ਕਰ ਦਿੰਦੇ ਹਨ। ਬਾਲਗ ਮੱਖੀਆਂ ਵਧ ਰਹੇ ਸਪਾਨ ਦੀ ਮਹਿਕ ਤੋਂ ਆਕਰਸ਼ਿਤ ਹੋ ਕੇ ਉਤਪਾਦਨ ਘਰਾਂ ਵਿਚ ਪਹੁੰਚ ਜਾਂਦੀਆਂ ਹਨ। ਇਕ ਮਾਦਾ ਫੋਰਿਡ ਲਗਭਗ 50 ਅੰਡੇ ਦਿੰਦੀ ਹੈ।

**2. ਸੈਸਿਡ ਮੱਖੀ** : ਇਸ ਮੱਖੀ ਦੇ ਬਾਲਗ ਬਹੁਤ ਘੱਟ ਦੇਖਣ ਵਿਚ ਆਉਂਦੇ ਹਨ। ਇਹਨਾਂ ਮੱਖੀਆਂ ਛੋਟੇ ਲਾਰਵਿਆਂ ਦੀ ਮਦਦ ਨਾਲ ਪਛਾਣਿਆ ਜਾ ਸਕਦਾ ਹੈ ਜੋ ਕਿ ਸਫੇਦ ਜਾਂ ਨਾਰੰਗੀ ਹੁੰਦੇ ਹਨ। ਇਹਨਾਂ ਦਾ ਸਿਰ ਸਪਸ਼ਟ ਤੌਰ ਤੇ ਦਿਖਾਈ ਨਹੀਂ ਅਤੇ ਉਸਦੀ ਜਗ੍ਹਾ ਦੋ ਕਾਲੇ ਬਿੰਦੂ ਦਿਖਾਈ ਦਿੰਦੇ ਹਨ। ਇਹ ਖੁੰਬਾਂ ਦੇ ਗਿੱਲ ਅਤੇ ਸਟਾਈਪ ਦੇ ਜੋੜ ਨੂੰ ਖਾਂਦੇ ਹਨ। ਇਸਦੀ ਪ੍ਰਜਨਣ ਸਮਰੱਥਾ ਜ਼ਿਆਦਾ ਹੋਣ ਕਰਕੇ ਇਹ ਖੁੰਬਾਂ ਦੇ ਝਾੜ ਤੇ ਮਾੜਾ ਅਸਰ ਪਾਉਂਦੀਆਂ ਹਨ। ਇਹਨਾਂ ਲਾਰਵਿਆਂ ਦੀ ਮੌਜੂਦਗੀ ਅਤੇ ਇਨ੍ਹਾਂ ਕਰਕੇ ਹੋਈ ਜੀਵਾਣੂੰਆਂ ਦੀ ਲਾਗ ਕਾਰਨ ਖੁੰਬਾਂ ਉੱਤੇ ਪਾਣੀ-ਭਿੱਜੇ ਦਾਗ ਪੈ ਜਾਂਦੇ ਹਨ ਜਿਸ ਕਾਰਨ ਖੁੰਬਾਂ ਬੇਰੰਗ ਹੋ ਜਾਂਦੀਆਂ ਹਨ।

**ਬਚਾਅ ਅਤੇ ਰੋਕਥਾਮ**

ਖੁੰਬਾਂ ਦੀਆਂ ਮੱਖੀਆਂ ਦੀ ਸੁਚੱਜੀ ਰੋਕਥਾਮ ਲਈ ਹੇਠ ਲਿਖੇ ਢੰਗ ਵਰਤੇ ਜਾ ਸਕਦੇ ਹਨ।

★ **ਸਾਫ-ਸਫਾਈ** : ਸਾਫ ਸਫਾਈ ਖੁੰਬ ਉਤਪਾਦਨ ਦਾ ਮਹੱਤਵਪੂਰਨ ਹਿੱਸਾ ਹੈ। ਜੋ ਕਿ ਕੰਪੋਸਟ ਬਣਾਉਣ ਵੇਲੇ ਹੀ ਸ਼ੁਰੂ ਹੋ ਜਾਂਦੀ ਹੈ। ਉਤਪਾਦਨ ਘਰਾਂ ਨੇੜੇ ਵਰਤੀ ਹੋਈ ਕਮਪੋਸਟ ਦਾ ਢੇਰ ਨਾ ਲੱਗਾ ਹੋਵੇ। ਨਵੀਂ ਕੰਪੋਸਟ ਬਣਾਉਣ ਵਾਲੀ ਥਾਂ 'ਤੇ 24 ਘੰਟੇ ਪਹਿਲਾਂ 2% ਫਾਰਮਲੀਨ ਦਾ ਛਿੜਕਾਅ ਕਰਨਾ ਚਾਹੀਦਾ ਹੈ। ਪਾਸਚੁਰਾਈਜੇਸ਼ਨ ਵੀ ਕੀੜੇ-ਮਕੌੜਿਆਂ ਦੀਆਂ ਸਾਰੀਆਂ ਅਵਸਥਾਵਾਂ ਨੂੰ ਖਤਮ ਕਰ ਸਕਦੀ ਹੈ।

★ **ਦਰਵਾਜੇ ਅਤੇ ਖਿੜਕੀ ਤੇ ਜਾਲੀ ਲਗਾਉਣਾ** : ਮੱਖੀਆਂ ਦਾ ਆਕਾਰ ਛੋਟਾ ਹੋਣ ਕਾਰਨ ਇਹ ਉਤਪਾਦਨ ਘਰਾਂ ਵਿਚ ਪ੍ਰਵੇਸ਼ ਕਰ ਜਾਂਦੀਆਂ ਹਨ। ਇਸ ਲਈ ਦਰਵਾਜ਼ਿਆਂ, ਖਿੜਕੀਆਂ ਅਤੇ ਰੋਸ਼ਨਦਾਨਾਂ 'ਤੇ 34-40 ਮੈਸ਼ ਦੀ ਜਾਲੀ ਲਗਾਉਣੀ ਚਾਹੀਦੀ ਹੈ।

★ **ਜ਼ਹਿਰੀਲੀ ਖੁਰਾਕ ਦੀ ਵਰਤੋ** : ਬੇਗੋਨ (ਡਾਈਗੋਨ) ਅਤੇ ਖੰਡ ਦੇ ਘੋਲ ਨੂੰ 1:10 ਅਨੁਪਾਤ ਵਿਚ ਰਲਾਓ ਅਤੇ ਉਤਪਾਦਨ ਘਰਾਂ ਵਿਚ ਰੱਖੋ। ਬਾਲਗ ਮੱਖੀਆਂ ਇਸ ਘੋਲ ਵੱਲ ਆਕਰਸ਼ਿਤ ਹੁੰਦੀਆਂ ਹਨ ਅਤੇ ਇਸਨੂੰ ਪੀਕੇ ਮਰ ਜਾਂਦੀਆਂ ਹਨ।

★ **ਚਿਪਚਿਪੇ ਟਰੈਪ ਦੀ ਵਰਤੋ** : ਪੀਲੇ ਰੰਗ ਦਾ 15 ਵਾਟ ਦਾ ਬਲਬ ਲਗਾ ਕੇ ਉਸਦੇ ਹੇਠ ਪਾਲੀਥੀਨ ਦੀ ਸ਼ੀਟ ਸਰ੍ਹੋਂ ਦਾ ਤੇਲ ਚੋਪੜ ਦੇ ਲਗਾਓ। ਮੱਖੀਆਂ ਬਲਬ ਦੀ ਲੋਅ ਵੱਲ ਆਕਰਸ਼ਿਤ ਹੁੰਦੀਆਂ ਹਨ ਅਤੇ ਸ਼ੀਟ 'ਤੇ ਚਿਪਕ ਜਾਂਦੀਆਂ ਹਨ।

★ **ਖਾਲੀ ਉਤਪਾਦਨ ਘਰਾਂ ਦਾ ਤਾਪਮਾਨ ਵਧਾ ਕੇ** : 2-3 ਘੰਟਿਆਂ ਲਈ ਤਾਪਮਾਨ 70° ਸੈਲਸੀਅਸ ਰੱਖਕੇ ਹੀ ਕੀੜੇ-ਮਕੌੜਿਆਂ ਤੋਂ ਨਿਜਾਤ ਪਾਈ ਜਾ ਸਕਦੀ ਹੈ।

★ **ਕੀਟਨਾਸ਼ਕਾਂ ਦੀ ਵਰਤੋਂ** : ਸੁਰੰਗੀ ਕੀੜਿਆਂ ਦੀ ਰੋਕਥਾਮ ਲਈ ਬੈੱਡਾਂ ਉੱਤੇ ਸੌ ਲਿਟਰ ਪਾਣੀ ਵਿਚ ਪੰਜ ਮਿਲੀ ਲਿਟਰ ਮੈਲਾਥਿਆਨ ਪਾ ਕੇ ਇਸਨੂੰ ਦੋ ਪੂਰਾਂ ਵਿਚ ਛਿੜਕੋ ਅਤੇ ਛਿੜਕਾਅ ਤੋਂ ਲੱਗਭਗ ਪੰਜ ਦਿਨਾਂ ਤੱਕ ਖੁੰਬਾਂ ਦੀ ਵਰਤੋਂ ਨਾ ਕਰੋ।

★ **ਸਪੈਂਟ ਕੰਪੋਸਟ ਨੂੰ ਸਹੀ ਠਿਕਾਣੇ ਲਗਾ ਕੇ** : ਸਪੈਂਟ ਕੰਪੋਸਟ ਅਤੇ ਕੇਸਿਮਗ ਵਿਚ ਵੀ ਕੀੜੇ- ਮਕੌੜੇ ਪਲ ਸਕਦੇ ਹਨ। ਇਸ ਲਈ ਜ਼ਮੀਨ ਵਿਚ ਗਹਿਰਾ ਨੱਪ ਦੇਣਾ ਚਾਹੀਦਾ ਹੈ।

# ਪੌਲੀ/ਨੈੱਟ ਹਾਊਸ ਵਿਚ ਸਬਜ਼ੀਆਂ ਨੂੰ ਬਿਮਾਰੀਆਂ ਤੋਂ ਕਿਵੇਂ ਬਚਾਈਏ

ਰਜਿੰਦਰ ਸਿੰਘ ਬੱਲ, ਇੰਦਰਪ੍ਰੀਤ ਕੌਰ ਬੋਪਾਰਾਏ ਅਤੇ ਯਾਮਿਨੀ ਸ਼ਰਮਾ,
ਫਾਰਮ ਸਲਾਹਕਾਰ ਸੇਵਾ ਕੇਂਦਰ, ਗੁਰਦਾਸਪੁਰ (ਮੋ. 78883-56773)

**ਪੌਲੀ / ਨੈੱਟ ਹਾਊਸ ਵਿਚ ਉਗਾਈਆਂ ਜਾਣ ਵਾਲੀਆਂ ਟਮਾਟਰ, ਸ਼ਿਮਲਾ ਮਿਰਚ, ਬੈਂਗਣ, ਖੀਰਾ ਆਦਿ ਸਬਜ਼ੀਆਂ ਤੇ ਕਈ ਬਿਮਾਰੀਆਂ ਜਿਵੇਂ ਉਖੇੜਾ, ਸੈਕਲੈਰੋਟੀਆ, ਫੁਜ਼ੇਰੀਅਮ, ਜੜ੍ਹ-ਗੰਢ ਨੀਮਾਟੋਡ, ਪੱਤਿਆਂ ਤੇ ਧੱਬਿਆਂ ਦਾ ਰੋਗ ਬਲਾਈਟ, ਵਿਸ਼ਾਣੂੰ ਰੋਗ ਆਦਿ ਹਮਲਾ ਕਰਦੀਆਂ ਹਨ। ਇਸੇ ਤਰ੍ਹਾਂ ਤੇਲਾ, ਚਿੱਟੀ ਮੱਖੀ ਆਦਿ ਰਸ ਚੂਸਣ ਵਾਲੇ ਕੀੜੇ ਵੀ ਪੌਲੀ/ਨੈੱਟ ਹਾਊਸ ਵਿਚ ਸਬਜ਼ੀਆਂ ਦਾ ਨੁਕਸਾਨ ਕਰਦੇ ਹਨ। ਇਹਨਾਂ ਬਿਮਾਰੀਆਂ ਅਤੇ ਕੀੜਿਆਂ ਤੋਂ ਸਬਜ਼ੀਆਂ ਨੂੰ ਬਚਾਉਣ ਲਈ ਹੇਠ ਲਿਖੇ ਨੁਕਤੇ ਧਿਆਨ ਵਿਚ ਰੱਖਣੇ ਚਾਹੀਦੇ ਹਨ।**

1. ਉਖੇੜਾ, ਸੈਕਲੈਰੋਟੀਨੀਆ, ਫੁਜ਼ੇਰੀਅਮ ਆਦਿ ਬਿਮਾਰੀਆਂ ਉੱਲੀ ਨਾਲ ਲੱਗਦੀਆਂ ਹਨ ਅਤੇ ਇਹਨਾਂ ਦੇ ਕਣ ਹੌਲੀ-ਹੌਲੀ ਮਿਟੀ ਵਿਚ ਵੀ ਵਧਦੇ ਰਹਿੰਦੇ ਹਨ। ਇਨ੍ਹਾਂ ਬਿਮਾਰੀਆਂ ਤੋਂ ਬਚਾਅ ਲਈ ਸਬਜ਼ੀ ਦੀ ਬਿਜਾਈ ਕਰਨ ਤੋਂ ਪਹਿਲਾਂ ਹੀ ਨੈੱਟ/ਹਾਊਸ ਦੀ ਮਿੱਟੀ ਨੂੰ ਬਿਮਾਰੀ ਤੋਂ ਰਹਿਤ ਕਰਨਾ ਪਏਗਾ। ਇਸ ਮਕਸਦ ਲਈ ਸੂਰਜ ਦੇ ਸੇਕ ਦੀ ਵਰਤੋਂ ਬੜੀ ਪ੍ਰਭਾਵਸ਼ਾਲੀ ਹੁੰਦੀ ਹੈ। ਇਸ ਪ੍ਰਕਿਰਿਆ ਨੂੰ ਸਾਇਲ ਸੋਲਰਾਈਜੇਸ਼ਨ ਵੀ ਕਹਿੰਦੇ ਹਨ। ਇਸ ਵਿਧੀ ਦੀ ਵਰਤੋਂ ਮਈ-ਜੂਨ ਮਹੀਨਿਆਂ ਦੌਰਾਨ ਕਰਨੀ ਚਾਹੀਦੀ ਹੈ। ਪਹਿਲਾਂ ਪੌਲੀ/ਨੈੱਟ ਹਾਊਸ ਦੀ ਮਿੱਟੀ ਵਿਚ ਗਲੀ-ਸੜੀ ਰੂੜੀ ਪਾ ਕੇ ਚੰਗੀ ਤਰ੍ਹਾਂ ਵਾਹ ਕੇ ਪੱਧਰਾ ਕਰ ਦਿਓ ਅਤੇ ਭਰਵਾਂ ਪਾਣੀ ਲਗਾ ਦਿਓ। 24 ਘੰਟਿਆਂ ਬਾਅਦ ਜ਼ਮੀਨ ਨੂੰ 50 ਮਾਈਕ੍ਰੋਨ ਭਾਵ 200 ਗੇਜ ਦੀ ਸਾਫ ਪਾਰਦਰਸ਼ੀ ਪੋਲੀਸ਼ੀਟ ਨਾਲ ਢੱਕ ਦਿਉ। ਜੇਕਰ ਪੌਲੀ ਹਾਊਸ ਹੈ ਤਾਂ ਉਸ ਦੇ ਸਾਰੇ ਰੋਸ਼ਨਦਾਨ ਚੰਗੀ ਤਰ੍ਹਾਂ ਬੰਦ ਕਰ ਦਿਓ। ਨੈੱਟ/ਪੌਲੀ ਹਾਊਸ ਦੇ ਪੂਰੇ ਢਾਂਚੇ ਨੂੰ ਇਕ ਮਹੀਨਾ ਬੰਦ ਰੱਖੋ। ਇਸ ਤਰ੍ਹਾਂ ਸੂਰਜ ਦੇ ਸੇਕ ਦੀ ਵਰਤੋਂ ਨਾਲ ਨੈੱਟ/ਪੌਲੀ ਹਾਊਸ ਵਿਚ ਮਿੱਟੀ ਰਾਹੀਂ ਪੈਦਾ ਹੋਣ ਵਾਲੀ ਕਈ ਬਿਮਾਰੀਆਂ ਨੂੰ ਕਾਬੂ ਕੀਤਾ ਜਾ ਸਕਦਾ ਹੈ। ਪਨੀਰੀ ਤਿਆਰ ਕਰਨ ਵਾਲੀ ਜਗ੍ਹਾ ਨੂੰ ਵੀ ਮਈ ਜਾਂ ਜੂਨ ਮਹੀਨੇ ਦੌਰਾਨ ਭਰਵਾਂ ਪਾਣੀ ਲਾ ਕੇ 50 ਮਾਈਕ੍ਰੋਨ ਦੀ ਪਲਾਸਟਿਕ ਸ਼ੀਟ ਨਾਲ ਢੱਕ ਕੇ 40 ਦਿਨਾਂ ਵਾਸਤੇ ਧੁੱਪ ਲਵਾਓ।

ਪੌਲੀ/ਨੈੱਟ ਹਾਊਸ ਦੀ ਮਿੱਟੀ ਨੂੰ ਜੜ੍ਹ-ਗੰਢ ਨੀਮਾਟੋਡ ਤੋਂ ਰਹਿਤ ਕਰਨ ਲਈ ਸੂਰਜ ਦੇ ਸੇਕ ਵਾਲੀ ਵਿਧੀ ਬਹੁਤ ਕਾਰਗਰ ਹੈ। ਹਰੀ ਖਾਦ ਦੀ ਵਰਤੋਂ ਨਾਲ ਵੀ ਮਿੱਟੀ ਵਿੱਚੋਂ ਜੜ੍ਹ ਗੰਢ ਨੀਮਾਟੋਡ ਦਾ ਖਾਤਮਾ ਕੀਤਾ ਜਾ ਸਕਦਾ ਹੈ। ਇਸ ਕੰਮ ਲਈ ਸਣ ਜਾਂ ਰੋਂਦੇ ਦੀ ਫਸਲ ਨੂੰ ਹਰੀ ਖਾਦ ਦੇ ਤੌਰ ਤੇ ਵਰਤਿਆ ਜਾ ਸਕਦਾ ਹੈ। ਸਣ ਦੀ ਫਸਲ ਜਦੋਂ 50 ਦਿਨਾਂ ਦੀ ਹੋ ਜਾਵੇ ਤਾਂ ਵਾਹ ਦੇਣੀ ਚਾਹੀਦੀ ਹੈ ਜਦੋਂ ਕਿ ਰੋਂਦੇ ਦੀ ਫਸਲ ਨੂੰ ਬਿਜਾਈ ਤੋਂ 60 ਦਿਨਾ ਬਾਅਦ ਵਾਹੁਣਾ ਚਾਹੀਦਾ ਹੈ। ਖਿਆਲ ਰਹੇ ਕਿ ਢੈਂਚੇ ਨੂੰ ਹਰੀ ਖਾਦ ਦੇ ਤੌਰ ਤੇ ਨਾ ਵਰਤਿਆ ਜਾਵੇ।

ਪਿਛਲੀ ਫਸਲ ਦੀ ਰਹਿੰਦ-ਖੂੰਹਦ ਵੀ ਬਹੁਤ ਸਾਰੀਆਂ ਬਿਮਾਰੀਆਂ ਦੇ ਵਾਧੇ ਦਾ ਕਾਰਣ ਬਣਦੇ ਹਨ। ਉੱਲੀ ਦੇ ਕਣ ਰੋਗੀ ਬੂਟਿਆਂ ਦੀ ਰਹਿੰਦ-ਖੂੰਹਦ ਵਿਚ ਬਚੇ ਰਹਿੰਦੇ ਹਨ ਜਿੱਥੋਂ ਇਹ ਮਿੱਟੀ ਵਿਚ ਚਲੇ ਜਾਂਦੇ ਹਨ। ਇਸ ਲਈ ਬਿਜਾਈ ਸ਼ੁਰੂ ਕਰਨ ਤੋਂ ਪਹਿਲਾਂ ਪਿਛਲੀ ਫਸਲ ਦੀ ਰਹਿੰਦ-ਖੂੰਹਦ ਨੂੰ ਪੌਲੀ/ ਨੈੱਟ ਹਾਊਸ ਵਿੱਚੋਂ ਬਾਹਰ ਕੱਢ ਕੇ ਨਸ਼ਟ ਕਰ ਦੇਣਾ ਚਾਹੀਦਾ ਹੈ।

2. ਬਿਜਾਈ ਕਰਨ ਵੇਲੇ ਚੰਗਾ ਮਿਆਰੀ ਰੋਗ ਰਹਿਤ ਬੀਜ ਹੀ ਵਰਤਣਾ ਚਾਹੀਦਾ ਹੈ। ਬਿਜਾਈ ਕਰਨ ਲੱਗਿਆਂ ਬੀਜ ਨੂੰ ਸਿਫਾਰਸ਼ਾਂ ਮੁਤਾਬਕ ਸੋਧ ਲਓ। ਬਿਜਾਈ ਹਮੇਸ਼ਾਂ ਸਹੀ ਸਮੇ ਤੇ ਅਤੇ ਬੈੱਡਾਂ ਉੱਪਰ ਹੀ ਕਰੋ। ਕਦੇ ਵੀ ਪੌਲੀ/ ਨੈੱਟ ਹਾਊਸ ਦੀਆਂ ਕੰਧਾਂ ਦੇ ਬਿਲਕੁਲ ਲਾਗੇ ਬੂਟੇ ਨਾ ਲਾਓ। ਬੂਟਿਆਂ ਅਤੇ ਕਤਾਰਾਂ ਵਿਚਕਾਰ ਫਾਸਲਾ ਸਿਫਾਰਸ਼ਾਂ ਮੁਤਾਬਕ ਹੀ ਰੱਖੋ। ਮਸ਼ੀਨਰੀ ਅਤੇ ਖੇਤੀ ਸੰਦਾ ਨੂੰ ਬਾਹਰਲੇ ਖੇਤਾਂ ਦੀ ਮਿੱਟੀ ਤੋਂ ਸਾਫ ਕਰਕੇ ਹੀ ਪੌਲੀ/ਨੈੱਟ ਹਾਊਸ ਦੇ ਅੰਦਰ ਲੈ ਕੇ ਜਾਵੋ ਤਾਂ ਕਿ ਬਿਮਾਰੀ ਵਾਲੇ ਖੇਤਾਂ ਵਿੱਚੋਂ ਉੱਲੀ ਦੇ ਕਣਾਂ ਨੂੰ ਅੰਦਰ ਜਾਣ ਤੋਂ



ਰੋਕਿਆ ਜਾ ਸਕੇ।

3. ਪੌਲੀ/ਨੈੱਟ ਹਾਊਸ ਨੂੰ ਪੂਰਾ ਪੌਲੀਸ਼ੀਟ ਨਾਲ ਢੱਕਿਆ ਹੋਇਆ ਦੂਹਰਾ ਦਰਵਾਜਾ ਲਗਾਓ ਅਤੇ ਅੰਦਰ ਜਾਣ ਲੱਗਿਆਂ ਦਰਵਾਜ਼ੇ ਨੂੰ ਬੰਦ ਕਰਨਾ ਕਦੇ ਨਾ ਭੁੱਲੋ। ਦਰਵਾਜ਼ੇ ਦੇ ਲਾਗੇ ਅੰਦਰਲੇ ਪਾਸੇ ਲਾਲ ਦਵਾਈ (ਪੋਟਾਸ਼ੀਅਮ ਪਰਮੈਂਗਨੇਟ ਦਾ ਘੋਲ ਬਣਾ ਕੇ ਰੱਖੋ ਅਤੇ ਅੰਦਰ ਜਾਣ ਲੱਗਿਆਂ ਜੁੱਤੀ ਥੱਲਿਓਂ ਗਿੱਲੀ ਕਰਕੇ ਹੀ ਅੰਦਰ ਜਾਵੋ। ਪੌਲੀਸ਼ੀਟ ਨੂੰ ਬਾਹਰ ਤੋਂ ਚੰਗੀ ਤਰ੍ਹਾਂ ਜ਼ਮੀਨ ਵਿਚ ਦਬਾ ਕੇ ਰੱਖੋ। ਪੌਲੀ/ਨੈੱਟ ਹਾਊਸ ਦੇ ਅੰਦਰ ਅਤੇ ਆਲੇ-ਦੁਆਲੇ ਨੂੰ ਨਦੀਨਾਂ ਤੋਂ ਸਾਫ ਰੱਖਣਾ ਚਾਹੀਦਾ ਹੈ। ਪੌਲੀ/ਨੈੱਟ ਹਾਊਸ ਦੇ ਅੰਦਰ ਸੂਰਜ ਦੀ ਰੋਸ਼ਨੀ, ਹਵਾ ਅਤੇ ਹੁੰਮਸ ਨੂੰ ਠੀਕ ਰੱਖਣ ਲਈ ਬੂਟਿਆਂ ਦੀ ਸਹੀ ਗਿਣਤੀ ਲਾਉਣੀ ਚਾਹੀਦੀ ਹੈ। ਟਾਹਣੀਆਂ ਦੀ ਕਾਂਟ-ਛਾਂਟ ਕਰਦੇ ਰਹਿਣਾ ਚਾਹੀਦਾ ਹੈ।

ਲਗਾਤਾਰ ਫਸਲ ਦਾ ਨਿਰੀਖਣ ਕਰਦੇ ਰਹਿਣਾ ਚਾਹੀਦਾ ਹੈ। ਫਸਲ ਲੈਣ ਤੋਂ ਬਾਅਦ ਪਿਛਲੀ ਫਸਲ ਦੀ ਰਹਿੰਦ-ਖੂੰਹਦ ਨਸ਼ਟ ਕਰ ਦਿਓ।

------- ਬਾਕੀ ਸਫਾ 7 ਦੀ -------

# ਜਨਵਰੀ ਮਹੀਨੇ ਦੇ ਖੇਤੀ ਰੁਝੇਵੇਂ

ਮਿ.ਲਿ. ਮੌਨਸਰਨ 100 ਲਿਟਰ ਪਾਣੀ ਵਿੱਚ 10 ਮਿੰਟਾਂ ਲਈ ਡੋਬੋ । ਇਸ ਤੋਂ ਇਲਾਵਾ 80 ਮਿ.ਲਿ. ਸਿਸਟੀਵਾ ਨੂੰ 8 ਲਿਟਰ ਪਾਣੀ ਵਿਚ ਘੋਲ ਕੇ ਆਲੂਆਂ ਤੇ ਇਕਸਾਰ ਛਿੜਕਾਅ ਕਰਕੇ ਵੀ ਇਸ ਬਿਮਾਰੀ ਨੂੰ ਕਾਬੂ ਕੀਤਾ ਜਾ ਸਕਦਾ ਹੈ । 20 ਟਨ ਦੇਸੀ ਰੂੜੀ ਦੇ ਨਾਲ 75 ਕਿਲੋ ਨਾਈਟ੍ਰੋਜਨ (165 ਕਿਲੋ ਯੂਰੀਆ), 25 ਕਿਲੋ ਫਾਸਫੋਰਸ (155 ਕਿਲੋ ਸਿੰਗਲ ਸੁਪਰਫਾਸਫੇਟ) ਅਤੇ 25 ਕਿਲੋ ਪੋਟਾਸ਼ (40 ਕਿਲੋ ਮਿਊਰੇਟ ਆਫ ਪੋਟਾਸ਼) ਪ੍ਰਤੀ ਏਕੜ ਵਰਤਣੀ ਚਾਹੀਦੀ ਹੈ । ਆਲੂਆਂ ਦੀ ਫਸਲ ਤੇ ਅਗੇਤੇ ਅਤੇ ਪਿਛੇਤੇ ਝੁਲਸ ਰੋਗ ਤੋਂ ਰੋਕਥਾਮ ਲਈ 500-700 ਗ੍ਰਾਮ ਇੰਡੋਫਿਲ ਐਮ-45/ਕਵਚ/ਮਾਸ ਐਮ-45/ਮਾਰਕਜ਼ੈਬ ਦਾ ਪ੍ਰਤੀ ਏਕੜ ਦੇ ਹਿਸਾਬ ਛਿੜਕਾਅ ਕਰੋ । ਤੇਲੇ ਦੇ ਹਮਲੇ ਨੂੰ ਘਟਾਉਣ ਲਈ 300 ਮਿਲੀਲਿਟਰ ਮੈਟਾਸਿਸਟਾਕਸ 25 ਤਾਕਤ ਨੂੰ 100 ਲਿਟਰ ਪਾਣੀ ਵਿੱਚ ਮਿਲਾ ਕੇ ਪ੍ਰਤੀ ਏਕੜ ਦੇ ਹਿਸਾਬ ਛਿੜਕਾਅ ਕਰੋ ।



**ਪਿਆਜ਼** : ਜਨਵਰੀ ਦੇ ਪਹਿਲੇ ਪੰਦਰਵਾੜੇ 7-8 ਹਫਤੇ ਪੁਰਾਣੀ ਪਨੀਰੀ ਖੇਤ ਵਿੱਚ ਲਾ ਦਿਉ । ਬਿਜਾਈ ਤੋਂ ਪਹਿਲਾਂ 20 ਟਨ ਗਲੀ ਸੜੀ ਦੇਸੀ ਰੂੜੀ 45 ਕਿਲੋ ਯੂਰੀਆ ਖਾਦ, 125 ਕਿਲੋ ਸਿੰਗਲ ਸੁਪਰਫਾਸਫੇਟ ਅਤੇ 35 ਕਿਲੋ ਮਿਊਰੇਟ ਆਫ ਪੋਟਾਸ਼ ਪ੍ਰਤੀ ਏਕੜ ਦੇ ਹਿਸਾਬ ਪਾਉ । ਜਾਮਨੀ ਧੱਬਿਆਂ ਦੀ ਬਿਮਾਰੀ ਦੀ ਰੋਕਥਾਮ ਲਈ ਫਸਲ ਤੇ 300 ਗ੍ਰਾਮ ਕੈਵੀਅਟ ਜਾਂ 600 ਗ੍ਰਾਮ ਇੰਡੋਫਿਲ ਐਮ-45 ਨੂੰ 200 ਮਿਲੀਲਿਟਰ ਟ੍ਰਾਈਟੋਨ ਜਾਂ ਅਲਸੀ ਦੇ ਤੇਲ ਵਿੱਚ ਮਿਲਾਉ । ਇਸ ਘੋਲ ਨੂੰ 200 ਲਿਟਰ ਪਾਣੀ ਵਿੱਚ ਮਿਲਾ ਕੇ ਪ੍ਰਤੀ ਏਕੜ ਦੇ ਹਿਸਾਬ ਛਿੜਕਾ ਕਰੋ । ਲੋੜ ਪੈਣ ਤੇ ਇਹ ਛਿੜਕਾਅ ਦਸ ਦਿਨਾਂ ਦੇ ਵਕਫੇ ਤੇ ਫਿਰ ਦੁਹਰਾਉ ।



**ਅਗੇਤੀਆਂ ਕੱਦੂ ਜਾਤੀ ਦੀਆਂ ਸਬਜ਼ੀਆਂ** : ਖਰਬੂਜ਼ਾ, ਹਦਵਾਣਾ, ਕੱਦੂ ਅਤੇ ਹਲਵਾ ਕੱਦੂ ਦੀ ਅਗੇਤੀ ਫਸਲ ਲੈਣ ਲਈ 5 ਕਿਲੋ 100 ਗੇਜ਼ ਮੋਟੇ ਚਿੱਟੇ ਲਿਫਾਫੇ 15×10 ਸੈਂਟੀਮੀਟਰ ਆਕਾਰ ਦੇ ਲਉ । ਇਨ੍ਹਾਂ ਨੂੰ ਰੂੜੀ ਦੀ ਖਾਦ ਅਤੇ ਭੱਲ ਦੀ ਮਿੱਟੀ ਦੇ ਬਰਾਬਰ ਮਾਤਰਾ ਨਾਲ ਭਰ ਲਓ । ਲਿਫਾਫੇ ਦੇ ਹੇਠਾਂ ਮੋਰੀ ਕਰ ਦਿਉ ਅਤੇ ਇਹ ਰਲੀ ਹੋਈ ਮਿੱਟੀ ਨਾਲ ਭਰ ਦਿਉ । ਇਹ ਲਿਫਾਫੇ ਠੰਡ ਤੋਂ ਬਚਾ ਕੇ ਰੱਖੋ । ਜਨਵਰੀ ਦੇ ਅਖੀਰਲੇ ਹਫਤੇ ਹਰ ਲਿਫਾਫੇ ਵਿੱਚ ਦੋ ਬੀਜ ਦਬਾ ਦਿਉ ਅਤੇ ਫੁਆਰੇ ਨਾਲ ਪਾਣੀ ਪਾ ਦਿਉ । ਇਸ ਤਰ੍ਹਾਂ ਸਾਰੀਆਂ ਕੱਦੂ ਜਾਤੀ ਦੀਆਂ ਸਬਜ਼ੀਆਂ ਦੀ ਅਗੇਤੀ ਬਿਜਾਈ ਕੀਤੀ ਜਾ ਸਕਦੀ ਹੈ । ਇੱਕ ਏਕੜ ਪਨੀਰੀ ਤਿਆਰ ਕਰਨ ਲਈ 200-500 ਗ੍ਰਾਮ ਬੀਜ ਕਾਫੀ ਹੈ ।

**ਬਾਗਬਾਨੀ** : 1. ਜਨਵਰੀ ਦੇ ਦੂਜੇ ਪੰਦਰਵਾੜੇ ਤੱਕ ਆੜੂ ਅਤੇ ਅਲੂਚੇ ਦੇ ਨਵੇਂ ਬੂਟੇ ਲਗਾ ਦੇਣੇ ਚਾਹੀਦੇ ਹਨ । ਨਾਖ, ਫਾਲਸਾ, ਅੰਜੀਰ, ਅੰਗੂਰ ਆਦਿ ਨੂੰ ਜਨਵਰੀ ਦੇ ਅਖੀਰ ਤੱਕ ਜਾਂ ਨਵੀਂ ਫੋਟ ਲਈ ਅੱਖਾਂ ਫੁੱਲਣ ਤੋਂ ਪਹਿਲਾਂ-ਪਹਿਲਾਂ ਲਗਾਇਆ ਜਾ ਸਕਦਾ ਹੈ ।

2. ਇਹ ਮਹੀਨਾ ਆੜੂ, ਅਲੂਚੇ ਅਤੇ ਨਾਖਾਂ ਆਦਿ ਦੀ ਕਾਂਟ-ਛਾਂਟ ਲਈ ਬਹੁਤ ਢੁੱਕਵਾਂ ਸਮਾਂ ਹੈ । ਇਨ੍ਹਾਂ ਬੂਟਿਆਂ ਦੀ ਕਾਂਟ-ਛਾਂਟ ਸਿਫਾਰਿਸ਼ਾਂ ਮੁਤਾਬਿਕ ਹੀ ਕੀਤੀ ਜਾਣੀ ਚਾਹੀਦੀ ਹੈ । ਅੰਗੂਰਾਂ ਅਤੇ ਨਾਖਾਂ ਦੀ ਕਾਂਟ-ਛਾਂਟ ਫਰਵਰੀ ਦੇ ਪਹਿਲੇ ਹਫਤੇ ਤੱਕ ਕੀਤੀ ਜਾ ਸਕਦੀ ਹੈ ।

3. ਇਹ ਮਹੀਨਾ ਨਿੰਬੂ ਜਾਤੀ ਦੇ ਬੂਟਿਆਂ ਤੋਂ ਸੁੱਕੀਆਂ ਟਹਿਣੀਆਂ ਕੱਟਣ ਦਾ ਵੀ ਸਹੀ ਸਮਾਂ ਹੈ ਕਿਉਂਕਿ ਫਿਰ ਨਵਾਂ ਫੁਟਾਰਾ ਸ਼ੁਰੂ ਹੋ ਜਾਂਦਾ ਹੈ । ਕੱਟ ਵਾਲੇ ਟੱਕਾਂ ਤੇ ਬੋਰਡੋ ਪੇਂਟ ਲਗਾਉ । ਜੇ ਮੁੱਢਾਂ ਤੇ ਗੂੰਦ ਵਗਦੀ ਹੋਵੇ ਤਾਂ ਗੂੰਦ ਨੂੰ ਚਾਕੂ ਨਾਲ ਸਾਫ ਕਰਕੇ ਬੋਰਡੋ ਪੇਂਟ ਲਗਾਉ । ਬੂਟਿਆਂ ਉੱਪਰ 2 : 2 : 250 ਬੋਰਡੋ ਮਿਸ਼ਰਣ ਦਾ ਛਿੜਕਾਅ ਕਰੋ । ਨਿੰਬੂ ਜਾਤੀ ਦੇ ਮੁੱਢ ਦੇ ਗਾਲੇ ਗਮੋਸਿਸ ਅਤੇ ਕੈਂਕਰ ਦੀਆਂ ਬਿਮਾਰੀਆਂ ਦੀ ਰੋਕਥਾਮ ਲਈ ਬਿਮਾਰੀ ਤੋਂ ਪ੍ਰਭਾਵਿਤ ਟਾਹਣੀਆਂ ਕੱਟ ਦਿਓ ਅਤੇ ਫਿਰ ਕੱਟੀ ਹੋਈ ਥਾਂ ਤੇ ਬੋਰਡੋ ਪੇਸਟ ਦਾ ਘੋਲ ਲਗਾਉ ।

4. ਜੇਕਰ ਪਿਛਲੇ ਮਹੀਨੇ ਬਾਗਾਂ ਨੂੰ ਰੂੜੀ ਵਾਲੀ ਖਾਦ ਨਹੀਂ ਪਾਈ ਤਾਂ ਛੇਤੀ ਤੋਂ ਛੇਤੀ ਇਸ ਮਹੀਨੇ ਪਾ ਦਿਓ । ਬੇਰ ਅਤੇ ਅਮਰੂਦ ਨੂੰ ਛੱਡ ਕੇ ਸਾਰੇ ਫਲਦਾਰ ਬੂਟਿਆਂ ਨੂੰ ਇਸ ਸਮੇਂ ਇਹ ਖਾਦ ਪਾ ਦਿਉ ।

5. ਅੰਬਾਂ ਦੇ ਪੁਰਾਣੇ ਦਰੱਖਤਾਂ ਦਾ ਨਵੀਨੀਕਰਨ ਕਰਨ ਲਈ ਜਨਵਰੀ ਦੇ ਪਹਿਲੇ ਹਫਤੇ ਦਰੱਖਤਾਂ ਨੂੰ ਜ਼ਮੀਨ ਦੇ ਪੱਧਰ ਤੋਂ ਤਿੰਨ ਮੀਟਰ ਦੀ ਉੱਚਾਈ ਤੋਂ ਕੱਟ ਦਿਉ ਅਤੇ ਕੱਟੇ ਹੋਏ ਭਾਗਾਂ ਤੇ ਬੋਰਡੋ ਪੇਸਟ ਲਗਾ ਦਿਉ । ਧਿਆਨ ਰੱਖੋ ਕਿ ਕੱਟੇ ਹੋਏ ਦਰੱਖਤਾਂ ਦੀਆਂ 4-5 ਬਾਹਰ ਵੱਲ ਜਾਂਦੀਆਂ ਸ਼ਾਖਾਂਵਾਂ ਬਚ ਜਾਣ ।

6. ਇਸ ਮਹੀਨੇ ਹਰ ਬੂਟੇ ਕੋਲ ਜਾ ਕੇ ਧਿਆਨ ਨਾਲ ਦੇਖੋ ਕਿ ਠੰਡ ਤੋਂ ਬਚਾਉਣ ਲਈ ਜੋ ਕੁੱਲੀ ਬੰਨ੍ਹੀ ਸੀ ਉਹ ਠੀਕ ਹੈ । ਜੇਕਰ ਠੀਕ ਕਰਨ ਦੀ ਲੋੜ ਹੈ ਤਾਂ ਠੀਕ ਕਰ ਦਿਉ ।

7. ਬੇਰਾਂ ਨੂੰ ਇਸ ਮਹੀਨੇ ਪਾਣੀ ਦਿਉ ਕਿਉਂਕਿ ਇਸ ਮਹੀਨੇ ਫਲਾਂ ਦੇ ਵਾਧੇ ਦੀ ਅਵਸਥਾ ਹੁੰਦੀ ਹੈ ।

8. ਅੰਬਾਂ ਦੀ ਗਦੈਹੜੀ ਦੀ ਰੋਕਥਾਮ ਲਈ ਦਰੱਖਤਾਂ ਦੇ ਤਣਿਆਂ ਦੁਆਲੇ 15-20 ਸੈਂਟੀਮੀਟਰ ਚੌੜੀ ਤਿਲਕਵੀਂ ਪੱਟੀ ਬੰਨ੍ਹ ਦਿਉ । ਇਹ ਜ਼ਮੀਨ ਦੀ ਪੱਧਰ ਤੋਂ ਇੱਕ ਮੀਟਰ ਉੱਚੀ ਹੋਵੇ ।

9. ਕਿੰਨੂ ਦੀ ਤੁੜਾਈ ਲਈ ਇਹ ਢੁੱਕਵਾਂ ਸਮਾਂ ਹੈ । ਫਲ ਤੋੜਨ ਸਮੇਂ ਧਿਆਨ ਰੱਖੋ ਕਿ ਫਲ ਡੰਡੀ ਬਟਨ ਦੀ ਤਰ੍ਹਾਂ ਕੱਟੀ ਹੋਵੇ, ਨਹੀਂ ਤਾਂ ਲੰਬੀ ਡੰਡੀ ਦੂਜੇ ਫਲਾਂ ਨੂੰ ਜ਼ਖਮੀ ਕਰ ਸਕਦੀ ਹੈ ਅਤੇ ਫਲ ਗਲ ਸਕਦੇ ਹਨ ।

**ਸਜਾਵਟੀ ਬੂਟੇ : ਮੌਸਮੀ ਫੁੱਲ** : ਮੌਸਮੀ ਫੁੱਲਾਂ ਦੀਆਂ ਜ਼ਿਆਦਾਤਰ ਕਿਸਮਾਂ ਇਸ ਮਹੀਨੇ ਦੇ ਅਖੀਰ ਵਿੱਚ ਫੁੱਲ ਦੇਣਾ ਸ਼ੁਰੂ ਕਰ ਦੇਣਗੀਆਂ । ਉੱਚੀਆਂ ਜਾਣ ਵਾਲੀਆਂ ਕਿਸਮਾਂ ਨੂੰ ਸਹਾਰਾ ਦਿਉ । ਜ਼ਮੀਨ ਵਿਚ ਲੱਗੇ ਪੌਦਿਆਂ ਦੀ ਲੋੜ ਅਨੁਸਾਰ ਪਾਣੀ, ਗੁਡਾਈ ਕਰੋ ਅਤੇ ਨਦੀਨ ਮੁਕਤ ਕਰੋ ।

**ਗੁਲਦਾਉਦੀ** : ਲਗਭਗ ਸਾਰੀਆਂ ਹੀ ਕਿਸਮਾਂ ਇਸ ਮਹੀਨੇ ਦੇ ਅਖੀਰ ਤੱਕ ਫੁੱਲ ਦੇਣੇ ਬੰਦ ਕਰ ਦਿੰਦੀਆਂ ਹਨ । ਸੁੱਕੇ ਹੋਏ ਫੁੱਲਾਂ ਨੂੰ ਜ਼ਮੀਨ ਤੋਂ 4-5 ਸੈਂਟੀਮੀਟਰ ਛੱਡ ਕੇ ਕੱਟ ਦਿਉ ਤਾਂ ਜੋ ਇਸ ਨਾਲ ਜੜੂੰਏ ਦਾ ਵਾਧਾ ਹੋ ਸਕੇ ।

**ਗੁਲਾਬ** : ਗੁਲਾਬ ਦੇ ਬੂਟਿਆਂ ਤੋਂ ਖਿੜ੍ਹ ਚੁੱਕੇ ਫੁੱਲਾਂ ਅਤੇ ਜੜ੍ਹ ਮੁੱਢ ਹੇਠ ਜੜੂੰਏਂ ਕੱਟਦੇ ਰਹੋ । ਇਸ ਮਹੀਨੇ ਨਵੇਂ ਪੌਦੇ ਬਿਨਾਂ ਗਾਚੀ ਦੇ ਲਗਾਏ ਜਾ ਸਕਦੇ ਹਨ ।

**ਗਮਲਿਆਂ ਵਾਲੇ ਬੂਟੇ** : ਗਮਲਿਆਂ ਵਾਲੇ ਬੂਟਿਆਂ (ਕਰੋਟੋਨ, ਐਗਲੋਨੀਮਾ ਆਦਿ) ਨੂੰ ਕੋਰੇ ਤੋਂ ਬਚਾਉਣ ਲਈ ਇਨ੍ਹਾਂ ਨੂੰ ਛੱਤ ਹੇਠ ਰੱਖੋ ਅਤੇ ਹਲਕਾ ਪਾਣੀ ਦਿੰਦੇ ਰਹੋ ।

**ਪੱਕੇ ਬੂਟੇ** : ਪਹਿਲਾਂ ਲੱਗੇ ਪੱਤਝੜੀ ਬੂਟਿਆਂ ਦੀ ਕਾਂਟ-ਛਾਂਟ ਕਰ ਦਿਉ । ਕੁਝ ਪੱਤਝੜੀ ਬੂਟੇ ਅਤੇ ਝਾੜੀਆਂ ਆਦਿ ਦਾ ਕਲਮਾਂ ਦੁਆਰਾ ਵਾਧਾ ਵੀ ਇਸ ਮਹੀਨੇ ਕੀਤਾ ਜਾ ਸਕਦਾ ਹੈ ਜਿਵੇਂ ਪਰੋਂਛਾ, ਯੂਫੋਰਬੀਆ, ਲੈਜਰਸਟ੍ਰੋਮੀਆ (ਸਾਵਣੀ) ਆਦਿ ।

**ਗੇਂਦਾ** : ਇਹ ਸਮਾਂ ਗਰਮੀ ਰੁੱਤ ਵਿੱਚ ਫੁੱਲ ਪੈਦਾ ਕਰਨ ਲਈ ਪੰਜਾਬ ਗੇਂਦਾ ਨੰ. 1 ਦੀ ਪਨੀਰੀ ਲਗਾਉਣ ਲਈ ਢੁੱਕਵਾਂ ਹੈ । ਨਰਸਰੀ ਬੈੱਡ ਨੂੰ ਕੋਰੇ ਤੋਂ ਬਚਾਉਣ ਲਈ ਪਲਾਸਟਿਕ ਦੀ ਸ਼ੀਟ ਨਾਲ ਢੱਗ ਕੇ ਰੱਖੋ ।



**ਗਲੈਡਿਓਲਸ** : ਫੁੱਲ ਡੰਡੀ ਉੱਪਰ ਜਦੋਂ ਹੇਠਲੀਆਂ 5-7 ਫੁੱਲ ਡੰਡੀਆਂ ਰੰਗ ਦਿਖਾਉਣ ਲੱਗ ਜਾਣ ਉਹ ਸਮਾਂ ਫੁੱਲ ਡੰਡੀਆਂ ਕੱਟਣ ਲਈ ਢੁੱਕਵਾਂ ਹੁੰਦਾ ਹੈ ।

**ਵਣ ਖੇਤੀ**

**ਪਾਪੂਲਰ** : ਪਾਪੂਲਰ ਦੀ ਨਰਸਰੀ ਜਾਂ ਖੇਤਾਂ ਵਿੱਚ ਲਗਾਉਣ ਲਈ ਪੂਰੀ ਵਿਉਂਤਬੰਦੀ ਪਹਿਲੇ ਹਫਤੇ ਵਿੱਚ ਕਰ ਲਵੋ । ਪਾਪੂਲਰ ਲਗਾਉਣ ਦਾ ਸਹੀ ਸਮਾਂ ਅੱਧ ਜਨਵਰੀ ਤੋਂ ਫਰਵਰੀ ਦੇ ਅਖੀਰ ਤੱਕ ਹੈ । ਕਲਮਾਂ ਜਾਂ ਬੂਟੇ ਪੀ ਏ ਯੂ ਜਾਂ ਕਿਸੇ ਹੋਰ ਪੰਜੀਕ੍ਰਤ ਨਰਸਰੀ ਤੋਂ ਹੀ ਲਵੋ । ਇੱਕ ਸਾਲ ਪੁਰਾਣੇ ਬੂਟੇ ਖੇਤ ਵਿੱਚ ਲਗਾਉਣ ਲਈ ਸਹੀ ਫਾਸਲਾ 5×4 ਮੀਟਰ ਜਾਂ 8×2.5 ਮੀਟਰ ਰੱਖੋ । ਬੰਨਿਆਂ ਤੇ ਬੂਟੇ 3 ਮੀਟਰ ਫਾਸਲੇ ਤੇ ਲਗਾਓ । ਦਿਸ਼ਾ ਉੱਤਰ-ਦੱਖਣ ਰੱਖੋ । ਬਰਮੇ (ਔਗਰ) ਨਾਲ 15-20 ਸੈਂਟੀਮੀਟਰ ਵਿਆਸ ਅਤੇ ਰੇਤਲੀਆਂ ਜ਼ਮੀਨਾਂ ਵਿਚ 100 ਸੈਂਟੀਮੀਟਰ ਡੂੰਘੇ ਟੋਏ ਪੁੱਟੋ । ਭਾਰੀਆਂ ਜ਼ਮੀਨਾਂ ਵਿੱਚ 75 ਸੈਂਟੀਮੀਟਰ ਡੂੰਘਾਈ ਠੀਕ ਹੈ । ਹਰ ਟੋਏ 1:1 ਦੀ ਮਾਤਰਾ ਵਿੱਚ ਮਿੱਟੀ ਤੇ ਰੂੜੀ, 50 ਗ੍ਰਾਮ ਯੂਰੀਆ ਅਤੇ 85 ਗ੍ਰਾਮ ਡੀ ਏ ਪੀ ਖਾਦ ਉਪਰਲੀ ਮਿੱਟੀ ਵਿੱਚ ਰਲਾ ਕੇ ਪਾਓ ।

ਬੂਟੇ ਦੁਆਲੇ ਮਿੱਟੀ ਚੰਗੀ ਤਰ੍ਹਾਂ ਕੁੱਟ ਦਿਓ ਅਤੇ ਪਾਣੀ ਲਗਾ ਦਿਓ । ਅਗਲੇ ਤਿੰਨ ਮਹੀਨੇ, ਹਰ ਹਫਤੇ ਪਾਣੀ ਦਿੰਦੇ ਰਹੋ । ਨਰਸਰੀ ਲਗਾਉਣ ਲਈ 20-25 ਸੈਂਟੀਮੀਟਰ ਲੰਬੀਆਂ ਅਤੇ 2-3 ਸੈਂਟੀਮੀਟਰ ਵਿਆਸ ਵਾਲੀਆਂ ਕਲਮਾਂ ਤਿਆਰ ਕਰੋ । ਚੰਗੀ ਤਰ੍ਹਾਂ ਤਿਆਰ ਖੇਤ ਵਿੱਚ 50×50 ਸੈਂਟੀਮੀਟਰ ਫਾਸਲੇ ਤੇ ਕਲਮਾਂ ਲਗਾਓ । ਇੱਕ ਅੱਖ ਜ਼ਮੀਨ ਤੋਂ ਉੱਪਰ ਰੱਖੋ ਅਤੇ ਬਾਕੀ ਕਲਮ ਜ਼ਮੀਨ ਵਿੱਚ ਧੱਕ ਦਿਓ । 7-10 ਦਿਨ ਦੇ ਵਕਫੇ ਨਾਲ ਪਾਣੀ ਦਿੰਦੇ ਰਹੋ ।

**ਸਫੈਦਾ** : ਲੱਕੜ ਦੇ ਚੰਗੇ ਮੰਡੀਕਰਨ ਵਾਸਤੇ ਸਫੈਦੇ ਦੇ ਰੁੱਖਾਂ ਨੂੰ ਲੱਕੜ ਲਈ 10-12 ਸਾਲ ਦੀ ਉਮਰ ਤੇ ਕੱਟਣਾ ਚਾਹੀਦਾ ਹੈ, ਜਦੋਂ ਰੁੱਖਾਂ ਦੀ ਲਪੇਟ 1.0 ਤੋਂ 1.5 ਮੀਟਰ (ਛਾਤੀ ਦੀ ਉਚਾਈ ਜਾਂ 1.40 ਮੀਟਰ ਧਰਤੀ ਤੋਂ ਉੱਤੇ) ਹੋ ਜਾਵੇ । ਸਫੈਦੇ ਦੀ ਲੱਕੜ ਪੇਪਰ, ਪੱਲਪ ਅਤੇ ਬੱਲੀਆਂ ਲਈ ਵਰਤਣੀ ਹੋਵੇ ਤਾਂ ਰੁੱਖਾਂ ਨੂੰ 3 ਸਾਲ ਦੀ ਉਮਰ ਤੋਂ ਬਾਅਦ ਕੱਟਣਾ ਚਾਹੀਦਾ ਹੈ । ਜਦੋਂ ਰੁੱਖਾਂ ਦੀ ਲਪੇਟ 40 ਸੈਂਟੀਮੀਟਰ (ਛਾਤੀ ਦੀ ਉਚਾਈ ਜਾਂ 1.40 ਮੀਟਰ ਧਰਤੀ ਤੋਂ ਉੱਤੇ) ਤੋਂ ਜ਼ਿਆਦਾ ਹੋ ਜਾਵੇ । ਰੁੱਖਾਂ ਦੀ ਕਟਾਈ ਸਰਦੀਆਂ ਵਿੱਚ ਕਰਨੀ ਚਾਹੀਦੀ ਹੈ ਅਤੇ ਇਨ੍ਹਾਂ ਦੇ ਮੋਛੇ ਛਾਂ ਹੇਠ ਸੁਕਾਉਣੇ ਚਾਹੀਦੇ ਹਨ ਤਾਂ ਜੋ ਲੱਕੜ ਨੂੰ ਘੁੰਮਣ ਅਤੇ ਫਟਣ ਤੋਂ ਬਚਾਇਆ ਜਾ ਸਕੇ ।

**ਟਾਹਲੀ** : ਟਾਹਲੀ ਦੀ ਨਰਸਰੀ ਉਗਾਉਣ ਵਾਸਤੇ ਸਿਹਤਮੰਦ ਅਤੇ ਸਿੱਧੇ ਦਰੱਖਤਾਂ ਤੋਂ ਫਲੀਆਂ ਇਕੱਠੀਆਂ ਕਰਕੇ, ਸੁਕਾ ਕੇ ਅਤੇ ਫਿਰ ਹਵਾ ਬੰਦ ਬਰਤਨ ਵਿੱਚ ਸਾਂਭ ਲਵੋ ਅਤੇ ਫਰਵਰੀ-ਮਾਰਚ ਵਿੱਚ ਬੀਜ ਦਿਓ । ਇਕ ਦਿਨ ਪਾਣੀ ਵਿਚ ਭਿਉਣ ਨਾਲ ਇਨ੍ਹਾਂ ਦੀ ਪੁੰਗਰਣ ਸ਼ਕਤੀ ਵੱਧਦੀ ਹੈ । ਇਕ ਹਫਤੇਬਾਅਦ ਬੀਜ ਪੁੰਗਰਦੇ ਸ਼ੁਰੂ ਹੁੰਦੇ ਹਨ । ਜਦ ਪੌਦੇ 5-7 ਸੈਂਟੀਮੀਟਰ ਉੱਚੇ ਹੋ ਜਾਣ ਤਾਂ ਇਨ੍ਹਾਂ ਨੂੰ ਮੋਮੀ ਥੈਲੀ ਵਿਚ ਲਗਾ ਦਿਉ । ਤਿੰਨ ਚਾਰ ਮਹੀਨੇ ਤੱਕ ਨਰਸਰੀ ਵਿਚ ਰੱਖਣ ਤੋਂ ਬਾਅਦ ਇਹ ਬੂਟੇ ਖੇਤਾਂ ਵਿਚ ਲਗਾਉਣਯੋਗ ਹੋ ਜਾਂਦੇ ਹਨ ।

(ਚੱਲਦਾ)



## ਸ਼ਹਿਦ ਦੀਆਂ ਮੱਖੀਆਂ ਪਾਲਣਾ

ਸ਼ਹਿਦ ਦੀਆਂ ਮੱਖੀਆਂ ਦੇ ਕਟੁੰਬਾਂ ਨੂੰ ਇਸ ਮਹੀਨੇ ਦੌਰਾਨ ਜ਼ਿਆਦਾ ਖੋਲ੍ਹਣਾ ਨਹੀਂ ਚਾਹੀਦਾ । ਜੇਕਰ ਬਹੁਤ ਜ਼ਰੂਰੀ ਹੋਵੇ ਤਾਂ ਕਿਸੇ ਬੰਦ ਹਵਾ ਅਤੇ ਧੁੱਪ ਵਾਲੇ ਦਿਨ ਦੁਪਹਿਰ ਵੇਲੇ ਇਨ੍ਹਾਂ ਨੂੰ ਖੋਲ੍ਹ ਕੇ ਝਟਪਟ ਨਿਰੀਖਣ ਕਰ ਲਵੋ । ਹਾਈਵ ਦੀਆਂ ਤਰੇੜਾਂ/ਝੀਥਾਂ ਆਦਿ ਪਲਾਸਟਰ ਆਫ ਪੈਰਿਸ ਜਾਂ ਗਾਰੇ ਨਾਲ ਚੰਗੀ ਤਰ੍ਹਾਂ ਲਿੱਪੀਆਂ ਹੋਣੀਆਂ ਚਾਹੀਦੀਆਂ ਹਨ । ਜੇਕਰ ਕਟੁੰਬ ਹਾਲੇ ਵੀ ਛਾਂਵੇਂ ਪਏ ਹਨ ਤਾਂ ਹਰ ਰੋਜ਼ 3 ਫੁੱਟ ਤੋਂ ਘੱਟੋ-ਘੱਟ ਹਿਲਾ ਕੇ ਧੁੱਪੇ ਕਰ ਦਿਉ । ਕਟੁੰਬ ਚਾਰੇ ਪਾਸਿਉਂ ਖੁੱਲੇ ਮੈਦਾਨ ਵਿੱਚ ਨਾ ਰੱਖੇ ਹੋਣ ਬਲਕਿ ਕਟੁੰਬਾਂ ਨੂੰ ਕਿਸੇ ਉਹਲੇ ਵਾਲੀ ਥਾਂ ਤੇ ਜਾਂ ਕੰਧਾਂ ਦੇ ਨੇੜੇ ਟਿਕਾਓ ਤਾਂ ਕਿ ਕਟੁੰਬ ਠੰਡੀਆਂ ਹਵਾਵਾਂ ਤੋਂ ਬਚੇ ਰਹਿਣ । ਕਟੁੰਬਾਂ ਦੇ ਗੇਟ ਤਰਜ਼ੀਹ ਦੇ ਤੌਰ ਤੇ ਦੱਖਣ-ਪੂਰਬ ਵੱਲ ਹੋਣੇ ਚਾਹੀਦੇ ਹਨ । ਕਟੁੰਬਾਂ ਦੇ ਹੇਠੋਂ ਅਤੇ ਆਸੇ-ਪਾਸਿਉਂ ਘਾਹ ਫੂਸ/ਨਦੀਨ ਕੱਟ ਕੇ ਸਫਾਈ ਕਰਦੇ ਰਹੋ । ਲੰਮੇਂ ਸਮੇਂ ਤੱਕ ਧੁੰਦ ਰਹਿਣ ਨਾਲ ਕਟੁੰਬਾਂ ਵਿੱਚ ਖੁਰਾਕ ਦੀ ਕਮੀਂ ਆ ਸਕਦੀ ਹੈ । ਅਜਿਹੀ ਹਾਲਤ ਵਿੱਚ ਕਟੁੰਬਾਂ ਨੂੰ ਲੋੜ ਅਨੁਸਾਰ ਖੰਡ ਦੇ ਗਾੜ੍ਹੇ ਘੋਲ (ਦੋ ਹਿੱਸੇ ਖੰਡ, ਇੱਕ ਹਿੱਸਾ ਪਾਣੀ) ਦੀ ਖੁਰਾਕ ਦੇਣੀ ਚਾਹੀਦੀ ਹੈ । ਇਹ ਖੁਰਾਕ ਤਰਜ਼ੀਹ ਦੇ ਤੌਰ ਤੇ ਪੂਰੇ ਬਣੇ ਹੋਏ ਛੱਤਿਆਂ ਵਿੱਚ ਭਰ ਕੇ ਦਿਉ, ਨਹੀਂ ਤਾਂ ਇਹ ਖੁਰਾਕ ਡਵੀਜ਼ਨ-ਬੋਰਡ ਫੀਡਰ ਵਿੱਚ ਦਿਉ । ਦਸੰਬਰ ਵਿੱਚ ਦਿੱਤੀ ਸਰਦੀ ਦੀ ਪੈਕਿੰਗ ਜਨਵਰੀ ਮਹੀਨੇ ਵੀ ਜਾਰੀ ਰਹਿਣ ਦੇਣੀ ਚਾਹੀਦੀ ਹੈ । ਜੇ ਕਟੁੰਬਾਂ ਦੀ ਹਿਜ਼ਰਤ ਕਿਸੇ ਵਧੀਆ ਨੈਕਟਰ ਦੇ ਸਰੋਤ ਤੇ ਕੀਤੀ ਹੈ ਅਤੇ ਜੇ ਸੁਪਰ ਚੈਂਬਰਾਂ ਦੇ ਛੱਤਿਆਂ ਵਿਚ ਕਾਫੀ ਮਾਤਰਾ ਵਿਚ ਪੱਕਿਆ/ਸੀਲ ਸ਼ਹਿਦ ਮੌਜੂਦ ਹੈ, ਤਾਂ ਇਹ ਸ਼ਹਿਦ ਕਿਸੇ ਹਵਾ-ਬੰਦ ਧੁੱਪ ਵਾਲੇ ਦਿਨ ਦੁਪਹਿਰ ਵੇਲੇ ਕੱਢ ਲਵੋ, ਨਾਲ ਹੀ ਰੌਬਿੰਗ ਬਾਰੇ ਵੀ ਸੁਚੇਤ ਰਹੋ ਅਤੇ ਰੌਬਿੰਗ ਰੋਕੂ ਲੋੜੀਂਦੇ ਉਪਰਾਲੇ ਵੀ ਕਰੋ ।

# ਸਾਡੇ ਬਚਪਨ ਦੇ ਸਮੇਂ ਦੀ ਖੇਤੀ-ਕਿਸਾਨੀ

ਸੰਭਵ ਹੈ ਕਿ ਅੱਜ ਦੇ ਮਸ਼ੀਨੀ ਯੁੱਗ ਦੇ ਨੌਜਵਾਨ ਕਿਸਾਨ ਨੇ ਸਾਡੇ ਬਚਪਨ ਦੇ ਕਿਸਾਨ ਨੂੰ ਨਾ ਦੇਖਿਆ ਹੋਵੇਗਾ ? ਅੱਜ ਦੇ ਨੌਜਵਾਨ ਕਿਸਾਨ ਨੂੰ ਸ਼ਾਇਦ ਉਸ ਸਮੇਂ ਦੇ ਖੇਤੀ ਸੰਦਾਂ ਬਾਰੇ ਵੀ ਪਤਾ ਨਾ ਹੋਵੇ । ਅੱਜ ਕਿਸਾਨ ਕੋਲ ਟਰੈਕਟਰ-ਟਰਾਲੀਆਂ, ਨਵੇਂ ਖੇਤੀ ਸੰਦ,



ਆਧੁਨਿਕ ਤਕਨੀਕ, ਨਵੀਆਂ ਖਾਦਾਂ, ਨਵੇਂ ਬੀਜ ਹਨ ਅਤੇ ਖੇਤੀ ਦੇ ਨਵੇਂ-ਨਵੇਂ ਢੰਗ ਅੱਜ ਕਿਸਾਨ ਨੇ ਸਿੱਖ ਲਏ ਹਨ । ਅੱਜ ਦੇ ਕਿਸਾਨ ਦੇ ਹੱਥ ਇਕ ਨਵੀਂ ਕ੍ਰਾਂਤੀ ਆਈ ਹੈ । ਨਵੇਂ ਕਾਲਜ ਅਤੇ ਯੂਨੀਵਰਸਿਟੀਆਂ ਖੇਤੀ ਨਾਲ ਨਵੀਆਂ ਖੋਜਾਂ ਕਰ ਰਹੀਆਂ ਹਨ । ਸਾਡੇ ਸਮਿਆਂ ਵਿਚ ਕਿਸਾਨ ਦੇ ਸਾਹਮਣੇ ਹਨੇਰਾ ਹੀ ਹੁੰਦਾ ਸੀ । ਉਹ ਕਰਜ਼ਿਆਂ ਅਤੇ ਸ਼ਾਹੂਕਾਰਾਂ ਦੇ ਬਹੀ-ਖਾਤਿਆਂ ਤੋਂ ਡਰਿਆ ਹੋਇਆ ਸੀ ।

ਜੇਕਰ ਤੁਸੀਂ ਮੇਰੇ ਸਮੇਂ ਦੇ ਕਿਸਾਨ ਦੀ ਹਾਲਤ ਦੇਖਣੀ ਹੋਵੇ ਤਾਂ ਅੱਜ ਦੇ ਕਿਸਾਨ ਨੂੰ ਮੁਨਸ਼ੀ ਪ੍ਰੇਮਚੰਦ ਦਾ ਨਾਵਲ 'ਗੋਦਾਨ' ਪੜ੍ਹਨਾ ਚਾਹੀਦਾ ਹੈ । ਜੇਕਰ ਤੁਸੀਂ ਕਿਸਾਨ ਦੀ ਗੰਭੀਰ ਹਾਲਤ ਨੂੰ ਹੋਰ ਗੰਭੀਰਤਾ ਨਾਲ ਜਾਣਨਾ ਚਾਹੁੰਦੇ ਹੋ ਤਾਂ ਬਾਲੀਵੁੱਡ ਦੇ ਮਹਾਨ ਲੇਖਕ, ਨਿਰਦੇਸ਼ਕ ਅਤੇ ਨਿਰਮਾਤਾ ਮਰਹੂਮ ਮਹਿਬੂਬ ਖਾਨ ਦੀ ਕਲਾਸਿਕ ਫਿਲਮ 'ਮਦਰ ਇੰਡੀਆ' ਦਾ ਇਕ ਖੇਤੀ ਦ੍ਰਿਸ਼ ਦੇਖ ਕੇ 1940 ਤੋਂ 1955 ਤੱਕ ਕਿਸਾਨਾਂ ਦੀ ਹਾਲਤ ਜ਼ਰੂਰ ਦੇਖੋ ।

ਉਸ ਸਮੇਂ ਕਿਸਾਨ ਕੋਲ ਦੋ ਬਲਦ, ਇਕ ਹਲ-ਪੰਜਾਲੀ ਅਤੇ ਦੋ ਅਰਲੀਆਂ ਹੀ ਉਸ ਦੀ 'ਜੋਤ' ਸਨ । ਸਾਰਾ ਕਿਸਾਨ ਪਰਿਵਾਰ ਦੋ ਘੁਮਾ ਦੀ ਖੇਤੀ ਵਿਚ ਲੱਗਾ ਰਹਿੰਦਾ । ਉਸ ਸਮੇਂ ਅਨਪੜ੍ਹ ਕਿਸਾਨ ਲਈ ਖੇਤੀ ਧੰਦਾ ਨਹੀਂ ਸਗੋਂ ਰੋਜ਼ੀ-ਰੋਟੀ ਦਾ ਸਾਧਨ ਸੀ । ਇਸ ਤੋਂ ਇਲਾਵਾ ਇਹ ਦੁੱਖ ਦੀ ਗੱਲ ਹੈ ਕਿ ਸੁਖੀਰਾਮ ਵਰਗੇ ਸ਼ਾਹੂਕਾਰ ਕਿਸਾਨਾਂ ਦੀਆਂ ਪੱਕੀਆਂ ਫਸਲਾਂ ਨੂੰ ਝੂਠੇ ਬਹੀ-ਖਾਤਿਆਂ ਨਾਲ ਲੁੱਟਦੇ ਸਨ । ਜੇਕਰ ਫਸਲ ਨਾਲ ਕਰਜ਼ਾ ਨਾ ਮੋੜ ਸਕਿਆ ਤਾਂ ਸੁਖੀਰਾਮ ਉਸ ਦਾ ਬਲਦ ਹਿਕ ਕੇ ਲੈ ਜਾਂਦਾ ਜਾਂ ਕਿਸਾਨ ਦੀ ਪਤਨੀ ਦਾ 'ਮੰਗਲਸੂਤਰ' ਵਾਪਸ ਨਾ ਕਰਦਾ । ਹੈ ਨਾ ਉਸ ਵੇਲੇ ਦੇ ਕਿਸਾਨ ਦੀ ਮਨੁੱਖੀ ਤ੍ਰਾਸਦੀ ?

ਅੱਜ ਇਕ ਕਿਸਾਨ ਕਰਜ਼ੇ ਥੱਲੇ ਆ ਕੇ ਖੁਦਕੁਸ਼ੀ ਕਰ ਲੈਂਦਾ ਹੈ, ਜਦੋਂ ਕਿ ਉਸ ਸਮੇਂ ਪੰਡਿਤ ਲੋਕ ਉਸ ਨੂੰ 'ਗੋਦਾਨ' ਕੀਤੇ ਬਿਨਾਂ ਮਰਨ ਦੀ ਨਹੀਂ ਦਿੰਦੇ ਸਨ । ਅੱਜ-ਕੱਲ੍ਹ ਦਾ ਬੀ. ਏ. ਪਾਸ ਨੌਜਵਾਨ ਟਰੈਕਟਰ ਚਲਾਉਣ 'ਚ ਸ਼ਰਮ ਮਹਿਸੂਸ ਕਰਦਾ ਹੈ, ਉਸ ਵੇਲੇ ਨੌਜਵਾਨ ਮੀਂਹ ਲਈ 24 ਘੰਟੇ ਆਸਮਾਨ ਅਤੇ ਰੱਬ ਵੱਲ ਵੇਖਦਾ ਰਹਿੰਦਾ ਸੀ । ਪਿੰਡ ਥਰਿਆਲ (ਮਾਧੋਪੁਰ) ਵਿਚ ਜਿੱਥੇ ਮੇਰੇ ਚਾਚਾ ਛੋਟੀ-ਮੋਟੀ ਖੇਤੀ ਕਰਦਾ ਸੀ, ਉੱਥੇ 6 'ਬੰਡਰਾਂ' ਦੇ ਲੋਕਾਂ ਲਈ ਸਿਰਫ ਇਕ ਹੀ ਪੁਰਾਤਨ ਖੂਹ ਸੀ ਜਿਸ 'ਚ 37 ਹੱਥ ਲੱਜ ਪੈਂਦੀ ਸੀ । ਉਸ ਖੂਹ ਤੋਂ ਪੀਣ ਵਾਲਾ ਪਾਣੀ ਲੈਣ ਲਈ ਸਿਰਾਂ 'ਤੇ ਘੜੇ ਲੈ ਕੇ ਆਈਆਂ ਔਰਤਾਂ ਦਾ ਸਦਾ ਮੇਲਾ ਲੱਗਾ ਰਹਿੰਦਾ ਸੀ । ਘਰ ਦੀ ਇਕ ਔਰਤ ਤਾਂ ਸਿਰਫ ਪਾਣੀ ਢੋਣ ਵਿਚ ਲੱਗੀ ਰਹਿੰਦੀ ਸੀ ।

ਚਾਚੇ ਦੀ ਖੇਤੀ ਵਿਚ ਮਦਦ ਕਰਦੇ ਹੋਏ, ਲੋਕਾਂ ਦੇ ਪਸ਼ੂ ਵੀ ਚਾਰਨੇ ਪੈਂਦੇ ਸਨ ਕਿਉਂਕਿ ਚਾਚੇ ਦੀ ਖੇਤੀ ਨਾਲ ਪਰਿਵਾਰ ਦਾ ਗੁਜ਼ਾਰਾ ਚਲਾਉਣਾ ਔਖਾ ਸੀ । ਅਸੀਂ ਤਿੰਨ-ਚਾਰ ਮੁੰਡੇ ਪਿੰਡ ਦੇ ਪਸ਼ੂ ਚਾਰਦੇ ਸਾਂ ਤੇ ਵਾਰੀ-ਵਾਰੀ 'ਮੋੜੀਆਂ' ਵੀ ਕਰਦੇ ਸਾਂ ।

1950 ਵਿਚ, 60 ਰੁਪਏ ਜੋੜ ਕੇ ਥਰਿਆਲ ਨੇੜੇ ਜੈਨੀ ਪਿੰਡ ਦੇ ਇਕ ਇਕ ਜੱਟ ਪਰਿਵਾਰ ਤੋਂ ਹਲ ਵਾਹੁਣ ਲਈ ਦੋ ਬਲਦ ਵੀ ਖਰੀਦ ਲਏ । ਉਸ ਸਮੇਂ ਸਿਹਤ ਸਹੂਲਤਾਂ ਬਾਰੇ ਕਿਸੇ ਨੂੰ ਗਿਆਨ ਵੀ ਨਹੀਂ ਸੀ । ਉਸ ਸਮੇਂ



ਮਾਸਟਰ ਮੋਹਨ ਲਾਲ
(ਸਾਬਕਾ ਟਰਾਂਸਪੋਰਟ ਮੰਤਰੀ, ਪੰਜਾਬ)

ਲੜਕੀਆਂ ਸਕੂਲਾਂ ਵਿਚ ਬਿਲਕੁਲ ਨਹੀਂ ਪੜ੍ਹਦੀਆਂ ਸਨ । ਉਸ ਸਮੇਂ ਪਿੰਡ ਦੇ 90 ਫੀਸਦੀ ਲੋੜ ਅਨਪੜ੍ਹ ਸਨ । ਉਸ ਪਿੰਡ ਵਿਚ ਸਾਰਾ ਸਾਲ ਸਿਰਫ ਕਣਕ ਦੀ ਹੀ ਫਸਲ ਹੁੰਦੀ ਸੀ । ਕੁਝ ਅਮੀਰ ਕਿਸਾਨ ਚੌਲਾਂ ਦੀ ਖੇਤੀ ਲਈ 'ਅਠਘੜ' ਇਲਾਕੇ ਵਿਚ ਆਪਣੀਆਂ ਜੋਤਾਂ ਲੈ ਕੇ ਚਲੇ ਜਾਂਦੇ ਸਨ । ਅੱਜ ਤਾਂ ਉਸ ਪਿੰਡ ਵਿਚ ਸਿੰਚਾਈ ਦੇ ਸਾਧਨ ਉਪਲਬਧ ਹੋ ਗਏ ਹਨ ।

ਜਦੋਂ ਅਸੀਂ ਖੇਤੀ ਕਰਦੇ ਸੀ ਤਾਂ ਇਕ ਵੱਡਾ ਛੱਪੜ ਅਤੇ ਤਿੰਨ ਛੋਟੇ-ਛੋਟੇ ਛੱਪੜ ਹੁੰਦੇ ਸਨ । ਅੱਜ ਦੇ ਕਿਸਾਨਾਂ ਨੇ ਖੂਹਾਂ ਨੂੰ ਬੇਕਾਰ ਕਰ ਦਿੱਤਾ ਹੈ, ਪਿੰਡਾਂ ਦੀਆਂ ਬਾੜੀਆਂ ਅਤੇ ਛੱਪੜਾਂ 'ਤੇ ਕਿਸਾਨਾਂ ਨੇ ਹੀ ਕਬਜ਼ੇ ਕਰ ਲਏ, ਜੋ ਛੱਪੜ ਸਨ ਉਨ੍ਹਾਂ 'ਚ ਪਿੰਡਾਂ ਦਾ ਗੰਦਾ ਪਾਣੀ ਭਰ ਦਿੱਤਾ । ਹੁਣ ਤਾਂ ਪਸ਼ੂ ਵੀ ਛੱਪੜ ਦਾ ਪਾਣੀ ਨਹੀਂ ਪੀਂਦੇ । ਇਸ ਸਮੇਂ ਦੇ ਬਦਲਾਅ ਨੂੰ ਸਮਝੋ, ਅੱਜ ਨਾ ਸਿਰਫ ਪਿੰਡਾਂ ਦੀ ਜ਼ਮੀਨ ਦਾ ਸਰੂਪ ਬਦਲਿਆ ਹੈ, ਕਿਸਾਨ ਦਾ ਸੁਭਾਅ ਵੀ ਬਦਲ ਗਿਆ ਹੈ । ਕਿਸੇ ਵਿੱਚ ਹਮਦਰਦੀ, ਪਿਆਰ ਜਾਂ ਸਨੇਹ ਰਿਹਾ ਹੀ ਨਹੀਂ । ਮੇਰੇ ਕਿਸਾਨਾਂ ਕੋਲ ਪਿੰਡ ਵਿਚ ਸਿਰਫ ਝੌਂਪੜੀਆਂ ਹੀ ਹੁੰਦੀਆਂ ਸਨ । ਝੌਂਪੜੀਆਂ ਵਿਚ ਬਹੁਤ ਪਿਆਰ ਦੇਖਿਆ । ਫਿਰ ਖੇਤੀ ਖੇਤਰ ਵਿਚ ਅਸਮਾਨਤਾ ਦਾ ਦੌਰ ਸ਼ੁਰੂ ਹੋ ਗਿਆ ।

ਪਿੰਡਾਂ ਦੇ ਵਿਆਹਾਂ ਵਿਚ ਔਰਤਾਂ ਲੜਕਿਆਂ ਵਾਲਿਆਂ ਨੂੰ ਸਿੱਠਣੀਆਂ ਦਿੰਦੀਆਂ, ਬਰਾਤੀਆਂ ਨੂੰ ਲੋਟ-ਪੋਟ ਕਰ ਦਿੰਦੀਆਂ । ਕਈ ਵਾਰ ਉਹ ਲੜਕੇ ਵਾਲਿਆਂ ਨੂੰ ਮਿੱਠੀਆਂ ਗਾਲ੍ਹਾਂ ਵੀ ਕੱਢ ਦਿੰਦੀਆਂ । ਵਿਦਾਇਗੀ ਸਮੇਂ ਰੋਂਦੀ ਵਿਆਹੀ ਕੁੜੀ ਦੇ ਝੋਲੇ ਵਿਚ ਚੁਆਨੀ ਅਤੇ ਇਕ ਠੂਠੀ ਪਾ ਦਿੱਤੀ ਜਾਂਦੀ । ਸਾਰੇ ਪਿੰਡ ਦਾ ਮਾਹੌਲ ਉਦਾਸ ਹੋ ਜਾਂਦਾ । ਵਿਆਹ ਤੋਂ ਇਕ ਮਹੀਨਾ ਪਹਿਲਾਂ 'ਸੁਹਾਗ' ਗਾਏ ਜਾਂਦੇ । ਪਰਿਵਾਰ ਵਾਲੇ 'ਗੁੜ ਦੀ ਰਿਓੜੀ, 'ਪਤਾਸੇ' ਜਾਂ 'ਮੂੰਗਫਲੀ' ਨਾਲ ਗਾਉਣ ਵਾਲਿਆਂ ਦੀਆਂ ਝੋਲੀਆਂ ਭਰ ਦਿੰਦੇ ਸਨ । ਹੁਣ ਉਹ ਵਿਆਹ ਕਿੱਥੇ ਹਨ ? ਉਹ ਬਰਾਤ ਕਿੱਥੇ ? ਮੁੰਡੇ ਨੂੰ ਵਿਆਹੁਣ ਲਈ ਪਿੰਡੋਂ ਬਰਾਤ ਜਾਂਦੀ ਹੁੰਦੀ ਤਾਂ ਬਰਾਤੀਆਂ ਦਾ ਰੋਹਬ ਹੀ ਵੱਖਰਾ ਹੁੰਦਾ । ਮੈਂ ਖੁਦ ਬਰਾਤ ਵਿਚ ਘੋੜਿਆਂ ਅਤੇ ਊਠਾਂ ਨੂੰ ਸਜਾ ਕੇ ਉਨ੍ਹਾਂ 'ਤੇ ਬਰਾਤੀ ਜਾਂਦੇ ਦੇਖੇ । ਵਿਆਹ ਸਮਾਗਮ ਵਿਚ ਸਾਰਾ ਪਿੰਡ ਸ਼ਾਮਲ ਹੁੰਦਾ । ਦਾਜ ਦੀ ਪ੍ਰਦਰਸ਼ਨੀ ਲਗਾਈ ਜਾਂਦੀ । ਗਾਵਾਂ-ਮੱਝਾਂ ਦਾਜ ਵਿਚ ਦਿੱਤੀਆਂ ਜਾਂਦੀਆਂ ।

ਅੱਜ ਪਿੰਡਾਂ ਵਿਚ ਵੱਡੇ-ਵੱਡੇ ਰਿਜ਼ਾਰਟ ਬਣ ਚੁੱਕੇ ਹਨ । ਵਿਆਹ ਦੀਆਂ ਸਾਰੀਆਂ ਰਸਮਾਂ ਮਿੰਟਾਂ ਵਿਚ ਹੀ ਪੂਰੀਆਂ ਹੋ ਜਾਂਦੀਆਂ ਹਨ । ਵਿਆਹ ਪੜ੍ਹਾਉਣ ਵਾਲਾ ਪੰਡਿਤ ਪੋਥੀ ਦੇਖਣ ਹੀ ਲੱਗਦਾ ਤਾਂ ਲਾੜਾ-ਲਾੜੀ ਆਪਣੇ ਹਨੀਮੂਨ 'ਤੇ ਚਲੇ ਜਾਂਦੇ । ਝੱਟ ਮੰਗਣੀ, ਪੱਟ ਵਿਆਹ । ਡੋਲੀ 'ਤੇ ਪੈਸੇ ਸੁੱਟਣੇ ਅਤੇ ਲਾੜੇ ਨੂੰ ਸ਼ਗਨ ਦੇਣਾ ਪਿੰਡ ਦੀ ਸ਼ਾਨ ਸੀ ।

ਅਜੋਕੇ ਕਿਸਾਨ ਨੂੰ ਇਹ ਵੀ ਪਤਾ



ਹੋਣਾ ਚਾਹੀਦਾ ਹੈ ਕਿ ਸਰਦੀਆਂ ਵਿਚ ਉਹ ਆਪਣੀਆਂ ਫਸਲਾਂ ਦੀ ਬਿਜਾਈ ਕਰਨ ਲਈ 'ਕੁੱਕੜ ਦੀ ਬਾਂਗ' 'ਤੇ ਉੱਠ ਪੈਂਦਾ । ਉਪਜ ਤਿਆਰ ਕਰਨ ਲਈ ਖੇਤ ਤਾਂ ਪਹਿਲਾਂ ਹੀ ਬਣ ਚੁੱਕਾ ਹੁੰਦਾ । ਅਸੀਂ ਪੰਜਾਲੀ ਦੇ ਦੋਵੇਂ ਰੱਸਿਆਂ ਨੂੰ ਠੀਕ ਕਰ ਕੇ ਬਲਦ ਹਿੱਕ ਦਿੰਦੇ । ਮੇਰੇ ਚਾਚਾ ਜੀ ਹੱਲ ਵਾਹੁਣ ਲੱਗਦੇ ਤੇ ਮੈਂ ਪਿੱਛੇ 'ਕੇਰਾ' ਪਾਉਂਦਾ ਚੱਲਦਾ, ਮੇਰੇ ਹੱਥ ਸੁੰਨ ਹੋ ਜਾਂਦੇ ਪਰ ਕਿਸਾਨ ਦਾ ਜਨੂੰਨ ਪੱਕਾ । ਕਈ ਵਾਰ ਦੂਜੇ ਕਿਸਾਨਾਂ ਦੇ ਖੇਤਾਂ 'ਚੋਂ ਹਦਵਾਣੇ ਚੋਰੀ ਕਰ ਲਿਆਉਂਦੇ । ਕਿੰਨੀ ਮਜ਼ੇਦਾਰ ਖੇਤੀ ਸੀ । ਉਸ ਸਮੇਂ ਖੇਤੀ ਕੋਈ ਧੰਦਾ ਨਹੀਂ ਸੀ ਸਗੋਂ ਪਰਿਵਾਰ ਪਾਲਣ ਦਾ ਤਰੀਕਾ ਸੀ । ਜਦੋਂ ਕਣਕ ਦੀ ਫਸਲ ਤਿਆਰ ਹੋ ਜਾਂਦੀ ਸੀ, 'ਵਾਢੀਆਂ' (ਕਟਾਈ) ਸ਼ੁਰੂ ਹੋ ਜਾਂਦੀ । ਕਣਕ ਦੀਆਂ ਭਰੀਆਂ ਦੇ ਅਖਾੜੇ ਬਣ ਜਾਂਦੇ ।

ਸ਼ਾਹੂਕਾਰ ਕਰਜ਼ੇ ਵਿਚ ਡੁੱਬੇ ਕਿਸਾਨਾਂ ਕੋਲ ਬਹੀ ਲੈ ਕੇ ਜਾਂਦੇ । ਝੂਠੇ ਖਾਤਿਆਂ ਕਾਰਨ ਕਿਸਾਨਾਂ ਦੀ ਲੁੱਟ ਹੁੰਦੀ । ਕਿਸਾਨ ਦੀ ਉਪਜ ਦੇ ਤਿੰਨ ਹਿੱਸੇ ਤਾ ਸ਼ਾਹੂਕਾਰ ਲੈ ਜਾਂਦੇ । ਕਰਜ਼ਾ ਫਿਰ ਓਨਾ ਹੀ ਰਹਿੰਦਾ । ਕਿਸਾਨ ਦਾ ਸਾਰਾ ਪਰਿਵਾਰ ਖੇਤੀ ਵਿਚ ਸਾਰਾ ਸਾਲ ਪਸੀਨਾ ਵਹਾਉਂਦਾ ਰਹਿੰਦਾ ।

ਅੱਜ ਕੇ ਮਸ਼ੀਨੀ ਯੁੱਗ ਵਿਚ ਆਧੁਨਿਕਤਾ ਦਾ ਪਹਿਰਾਵਾ ਪਹਿਨਣ ਵਾਲੇ ਕਿਸਾਨ ਨੂੰ 1955 ਤੋਂ ਪਹਿਲਾਂ ਦੀ ਕਿਸਾਨੀ ਦੀ ਆਰਥਿਕ ਹਾਲਤ ਦਾ ਅਨੁਭਵ ਨਹੀਂ ਹੈ । ਅੱਜ ਦਾ ਕਿਸਾਨ ਸਿਰਫ ਪਰਾਲੀ ਵੇਚ ਕੇ ਹੀ ਆਪਣੇ ਖੇਤੀ ਖਰਚੇ ਪੂਰੇ ਕਰ ਸਕਦਾ ਹੈ । ਸਾਡੇ ਸਮਿਆਂ ਵਿਚ ਰੂੜੀ ਵੀ ਟੋਏ ਪੁੱਟ ਕੇ ਤਿਆਰ ਕੀਤੀ ਜਾਂਦੀ ਸੀ ਅਤੇ ਖੇਤਾਂ ਵਿਚ ਖਿਲਾਰ ਦਿੱਤੀ ਜਾਂਦੀ ਸੀ । ਅੱਜ ਨਵੀਆਂ ਖਾਦਾਂ, ਨਵੀਆਂ ਖੇਤੀ ਵਿਧੀਆਂ ਅਤੇ ਨਵੇਂ ਬੀਜ ਤਿਆਰ ਕੀਤੇ ਜਾ ਰਹੇ ਹਨ । ਅੱਜ ਖੇਤਾਂ ਦੀ ਮਿੱਟੀ ਰਸਾਇਣਕ ਖਾਦਾਂ ਕਾਰਨ ਕੌੜੀ ਅਤੇ ਸਖਤ ਹੋ ਗਈ ਹੈ । ਪੰਜਾਬ ਦੀ ਮਾਲਵਾ ਪੱਟੀ ਤਾਂ ਬੰਜਰ ਹੋ ਗਈ ਹੈ । ਉੱਥੋਂ ਦੀ ਧਰਤੀ 'ਚੋਂ ਸੇਮ ਤਾਂ ਜਾਂਦੀ ਹੀ ਨਹੀਂ ।

ਵਧਦੀ ਆਬਾਦੀ ਅਤੇ ਘਟਦੀ ਜਾਂਦੀ ਜ਼ਮੀਨ ਸਮੱਸਿਆ ਬਣ ਗਈ ਹੈ । ਜੇਕਰ ਜੰਗਲਾਂ ਦੀ ਕਟਾਈ ਇਸੇ ਤਰ੍ਹਾਂ ਬੇਰੋਕ-ਟੋਕ ਜਾਰੀ ਰਹੀ ਤਾਂ ਪੰਜਾਬ ਰੇਗਿਸਤਾਨ ਬਣ ਜਾਵੇਗਾ । ਪੰਜਾਬ ਦਾ ਮੌਸਮ ਪਹਿਲਾਂ ਹੀ ਬੇਰਹਿਮ ਹੈ । ਸਰਕਾਰਾਂ ਨੂੰ ਵਾਤਾਵਰਣ, ਜਲਵਾਯੂ ਦੀ ਕੋਈ ਸੁਧ ਹੀ ਨਹੀਂ । ਪੰਜਾਬ ਦਾ ਕਿਸਾਨ ਕੁਰਲਾਅ ਰਿਹਾ ਹੈ । ਦੁੱਧ, ਦਹੀਂ, ਪਨੀਰ, ਸਬਜ਼ੀਆਂ, ਮਠਿਆਈਆਂ, ਸਭ ਨਕਲੀ । ਮਨੁੱਖ ਮਰ ਰਿਹਾ ਹੈ । ਪ੍ਰੈੱਸ ਮੀਡੀਆ ਨੂੰ ਸਰਕਾਰ ਦੀ ਤਾਰੀਫ ਕਰਨ ਤੋਂ ਸਿਵਾਏ ਕੁਝ ਆਉਂਦਾ ਹੀ ਨਹੀਂ ।

# ਬੜੀ ਗੁਣਕਾਰੀ ਹੈ ਨਿੰਮ

ਨਿੰਮ ਵਿਚ ਪਾਏ ਜਾਂਦੇ ਗੁਣ ਸ਼ਾਇਦ ਹੀ ਕਿਸੇ ਹੋਰ ਰੁੱਖ ਵਿਚ ਪਾਏ ਜਾਂਦੇ ਹੋਣ, ਨਿੰਮ ਦੰਦਾਂ ਨੂੰ ਪੀਲਾ ਨਹੀਂ ਹੋਣ ਦਿੰਦੀ, ਕਿਸੇ ਪ੍ਰਕਾਰ ਦਾ ਜਲਦੀ-ਜਲਦੀ ਕੋਈ ਕੀੜਾ ਨਹੀਂ ਲਗਦਾ, ਤੱਤੇ ਠੰਢੇ ਹੁੰਦੇ ਦੰਦਾਂ ਲਈ ਲਾਭਕਾਰੀ ਹੈ, ਮੂੰਹ ਦੀ ਬਦਬੂ ਦੂਰ ਹੋ ਜਾਂਦੀ ਹੈ । ਪੁਰਾਤਨ ਯੁੱਗ ਵਿਚ ਤਾਂ ਨਿੰਮ ਦੀ ਵਰਤੋਂ ਆਮ ਹੀ ਕੀਤੀ ਜਾਂਦੀ ਸੀ । ਇਹ ਸਸਤਾ ਸਾਧਨ ਅਤੇ ਕੈਮੀਕਲ ਯੁਕਤ ਟੂਥਪੇਸਟਾਂ ਨਾਲੋਂ ਕਿਤੇ ਜ਼ਿਆਦਾ ਲਾਭਕਾਰੀ ਵੀ ਹੈ । ਨਿੰਮ ਦਾ ਪ੍ਰਯੋਗ ਹਰ ਉਮਰ ਵਿਚ ਕੀਤਾ ਜਾ ਸਕਦਾ ਹੈ । ਦੰਦਾਂ ਤੋਂ ਇਲਾਵਾ ਇਹ ਨਿੰਮ ਸਾਨੂੰ ਹੋਰ ਵੀ ਕਈ ਤਰ੍ਹਾਂ ਦੇ ਲਾਭ ਪ੍ਰਦਾਨ ਕਰਦੀ ਹੈ । ਏਨਾ ਗੁਣਕਾਰੀ ਅਤੇ ਸਸਤਾ ਸਾਧਨ ਸਾਡੇ ਘਰਾਂ ਦੇ ਆਸ-ਪਾਸ ਹੈ, ਪਰ ਕੋਈ ਇਸਦੇ ਲਾਭ ਨਹੀਂ ਲੈਂਦਾ । ਨਿੰਮ ਕਈ ਵਾਰ ਅਜਿਹੀਆਂ ਬੀਮਾਰੀਆਂ ਨੂੰ ਵੀ ਠੀਕ ਕਰ ਦਿੰਦੀ ਹੈ ਜੋ ਕਿਸੇ ਹੋਰ ਪੈਥੀ ਨਾਲ ਜਲਦੀ-ਜਲਦੀ ਠੀਕ ਨਹੀਂ ਹੁੰਦੀਆਂ । ਨਿੰਮ ਦੇ 2-3 ਪੱਤੇ ਸਵੇਰੇ-ਸਵੇਰੇ ਖਾਲੀ ਪੇਟ ਖਾਧੇ ਜਾ ਸਕਦੇ ਹਨ, ਜਿਸ ਨਾਲ ਸਾਡਾ ਖੂਨ ਸਾਫ ਹੁੰਦਾ ਹੈ ਅਤੇ ਚਮੜੀ ਸਬੰਧੀ ਰੋਗ ਠੀਕ ਹੁੰਦੇ ਹਨ । ਦੱਦ (ਧੱਦਰ), ਛਾਈਆਂ, ਮੁਹਾਸੇ, ਅੱਖਾਂ ਥੱਲੇ ਕਾਲੇ ਘੇਰੇ, ਫਿਨਸੀਆਂ, ਚੰਬਲ, ਫੋੜੇ ਆਦਿ ਰੋਗ ਠੀਕ ਹੋ ਜਾਂਦੇ ਹਨ । ਚਿਹਰਾ ਕੁਝ ਹੀ ਦਿਨਾਂ ਵਿਚ ਸਾਫ ਹੋਣ ਲਗਦਾ ਹੈ । ਨਿੰਮ ਸਾਡੇ ਅੰਦਰਲੇ ਤੇਜ਼ਾਬ ਅਤੇ ਹੋਰ ਤਰ੍ਹਾਂ ਦੇ ਫਾਲਤੂ ਪਦਾਰਥਾਂ ਨੂੰ ਬਾਹਰ ਕੱਢ ਦਿੰਦੀ ਹੈ । ਸ਼ੂਗਰ ਰੋਗ ਲਈ ਬਹੁਤ ਲਾਭਕਾਰੀ ਹੈ । ਨਾਲ ਹੀ ਅਸੀਂ ਖਾਲੀ ਪੇਟ 5 ਕੁ ਪੱਤਿਆਂ ਨੂੰ ਇਕ ਗਲਾਸ ਪਾਣੀ ਵਿਚ ਚੰਗੀ ਤਰ੍ਹਾਂ ਉਬਾਲ ਕੇ, ਜਦੋਂ ਪਾਣੀ ਅੱਧਾ ਰਹਿ ਜਾਵੇ ਤਾਂ ਪੁਣ ਕੇ ਪੀ ਸਕਦੇ ਹਾਂ । ਜਿਸ ਨਾਲ ਸਾਡਾ ਪੇਟ ਸਾਫ ਹੋ ਜਾਂਦਾ ਹੈ । ਨਿੰਮ ਦੇ ਕਈ ਸਾਰੇ ਪੱਤਿਆਂ ਨੂੰ ਉਬਾਲ ਕੇ ਉਸ ਪਾਣੀ ਨਾਲ ਨਹਾ ਵੀ ਸਕਦੇ ਹਾਂ, ਜਿਸ ਨਾਲ ਸਾਨੂੰ ਚਮੜੀ ਦੇ ਰੋਗਾਂ ਤੋਂ ਵੀ ਲਾਭ ਮਿਲਦਾ ਹੈ । ਇਸ ਨਾਲ ਸਾਡੀਆਂ ਅੱਖਾਂ ਵਿਚ ਹੁੰਦੀ ਖਾਰਸ਼ ਅਤੇ ਜਲਣ ਵੀ ਠੀਕ ਹੋ ਜਾਂਦੀ ਹੈ ।

ਨਿੰਮ ਦੇ ਪੱਤਿਆਂ ਦੇ ਨਾਲ-ਨਾਲ ਇਸ ਦਾ ਤੇਲ ਵੀ ਘੱਟ ਫਾਇਦੇਮੰਦ ਨਹੀਂ । 50 ਤਾਜ਼ੇ ਪੱਤੇ ਨਿੰਮ ਦੇ ਅਤੇ 100 ਗ੍ਰਾਮ ਤਿਲਾਂ ਦਾ ਮਿੱਠਾ ਤੇਲ । ਨਿੰਮ ਦੇ ਪੱਤਿਆਂ ਨੂੰ ਪਾਣੀ ਨਾਲ ਚੰਗੀ ਤਰ੍ਹਾਂ ਸਾਫ ਕਰਕੇ ਕਿਸੇ ਕੂੰਡੇ ਜਾਂ ਮਿਕਸੀ 'ਚ ਕੁੱਟ ਕੇ ਤਿਲਾਂ ਦੇ ਤੇਲ ਵਿਚ ਕਲਕਾ ਲਵੋ, ਜਦੋਂ ਪੱਤੇ ਥੱਲੇ ਰਹਿ ਜਾਣ ਅਤੇ ਤੇਲ ਉੱਪਰ ਆ ਜਾਵੇ ਤਦ ਤੇਲ ਨੂੰ ਠੰਢਾ ਕਰਕੇ ਕਿਸੇ ਬੋਤਲ ਵਿਚ ਪੁਣ ਲਵੋ । ਇਸ ਤਰ੍ਹਾਂ ਸਸਤਾ ਅਤੇ ਵਧੀਆ ਤੇਲ ਘਰ ਵਿਚ ਤਿਆਰ ਕੀਤਾ ਜਾ ਸਕਦਾ ਹੈ । ਬਾਜ਼ਾਰ ਵਿਚੋਂ ਵੀ ਨਿੰਮ ਦਾ ਤੇਲ ਮਿਲ ਜਾਂਦਾ ਹੈ । ਰਾਤ ਨੂੰ ਸੌਣ ਤੋਂ ਪਹਿਲਾਂ ਇਸ ਤੇਲ ਨੂੰ ਚਮੜੀ ਦੇ ਕਿਸੇ ਵੀ ਰੋਗ 'ਤੇ ਲਾ ਸਕਦੇ ਹਾਂ । ਸਵੇਰ ਸਮੇਂ ਉਠਣ ਸਾਰ ਚਮੜੀ ਨੂੰ ਨਿੰਮ ਦੇ ਪਾਣੀ ਨਾਲ ਧੋ ਲਵੋ । ਨਿੰਮ ਦੇ 40-50 ਪੱਤਿਆਂ ਨੂੰ ਡੇਢ ਗਿਲਾਸ ਜਾਂ ਪੰਜ ਸੌ ਮਿਲੀਲਿਟਰ ਪਾਣੀ 'ਚ ਪੰਦਰਾਂ-ਵੀਹ ਮਿੰਟ ਉਬਾਲ ਕੇ ਨਿੰਮ ਦਾ ਪਾਣੀ ਬਣਾਇਆ ਜਾ ਸਕਦਾ ਹੈ । ਇਸ ਤੇਲ ਦੀਆਂ ਰੋਜ਼ਾਨਾ 2-3 ਬੂੰਦਾਂ ਕੰਨਾਂ 'ਚ ਪਾਉਣ ਨਾਲ ਕੰਨਾਂ ਦੇ ਰੋਗ ਠੀਕ ਹੋ ਜਾਂਦੇ ਹਨ । ਵਾਲਾਂ 'ਤੇ ਨਹਾਉਣ ਤੋਂ ਪਹਿਲਾਂ 45 ਮਿੰਟ ਪਹਿਲਾਂ ਨਿੰਮ ਦਾ ਤੇਲ ਲਾ ਸਕਦੇ ਹਾਂ, ਨਹਾਉਣ ਲੱਗੇ ਸ਼ੈਂਪੂ ਦੀ ਵਰਤੋਂ ਕਰੋ । ਵਾਲਾਂ ਦੀ ਸਿੱਕਰੀ, ਚਿੱਟੇ ਵਾਲ, ਵਾਲਾਂ ਦਾ ਝੜਨਾ, ਗੰਜਾਪਨ ਆਦਿ ਲਈ ਲਾਭਕਾਰੀ ਹੈ । ਛਾਤੀ ਅਤੇ ਖੋਪੜੀ ਸਬੰਧੀ ਰੋਗਾਂ ਵਿਚ ਨਿੰਮ ਦੇ ਪੱਤਿਆਂ ਨੂੰ ਸਟੀਮਰ 'ਚ ਪਾ ਕੇ ਭਾਫ ਲਈ ਜਾ ਸਕਦੀ ਹੈ । ਗੋਡੇ ਅਤੇ ਜੋੜਾਂ ਦੇ ਦਰਦਾਂ ਲਈ ਵੀ ਇਸ ਦੀ ਵਰਤੋਂ ਕੀਤੀ ਜਾ ਸਕਦੀ ਹੈ । 30 ਤਾਜ਼ੇ ਪੱਤੇ ਨਿੰਮ ਅਤੇ 30 ਮਮਰਾ ਬਦਾਮ ਗਿਰੀ (ਜਿਸ ਵਿਚ ਤੇਲ ਬਹੁਤ ਜ਼ਿਆਦਾ ਮਾਤਰਾ ਵਿਚ ਹੁੰਦਾ ਹੈ) । ਪੱਤਿਆਂ ਨੂੰ ਚੰਗੀ ਤਰ੍ਹਾਂ ਧੋ ਕੇ 15 ਤੋਂ 20 ਮਿੰਟ ਪੱਖੇ ਥੱਲੇ ਸੁਕਾ ਲਵੋ ਹੁਣ ਦੋਵਾਂ ਨੂੰ ਮਿਕਸੀ ਜਾਂ ਕੂੰਡੇ ਵਿਚ ਚੰਗੀ ਤਰ੍ਹਾਂ ਰਗੜ ਕੇ ਪੇਸਟ ਬਣਾ ਲਵੋ, ਫਿਰ ਇਸ ਪੇਸਟ ਦੀਆਂ 30 ਗੋਲੀਆਂ ਵੱਟ ਲਵੋ । ਰਾਤ ਨੂੰ ਸੌਣ ਤੋਂ ਪਹਿਲਾਂ 1 ਗੋਲੀ ਕੋਸੇ ਪਾਣੀ ਨਾਲ ਖਾਓ । ਦੁੱਧ ਨਾ ਪੀਓ ।

**ਇਸ਼ਟਪਾਲ ਵਿੱਕੀ,**
**ਆਯੁਰਵੇਦ ਉਪ ਵੈਦ, ਯੋਗ ਮਾਹਰ ।**

# ਪੰਜਾਬੀ ਜਨ-ਜੀਵਨ ਵਿੱਚ ਸਰ੍ਹੋਂ ਦੀ ਮਹੱਤਤਾ

**ਸਰ੍ਹੋਂ ਦੀ ਫਸਲ ਪੰਜਾਬੀਆਂ ਨੂੰ ਸਾਗ ਵਰਗਾ ਮੌਸਮੀ ਤੋਹਫਾ ਦੇਣ ਦੇ ਨਾਲ ਸਰੀਰ ਦੀ ਬਾਹਰੀ ਖੁਸ਼ਕੀ ਨੂੰ ਦੂਰ ਕਰਨ 'ਤੇ ਹੋਰ ਕਈ ਤਰ੍ਹਾਂ ਦੀਆਂ ਨਿਆਮਤਾਂ ਬਖਸ਼ਣ ਕਰਕੇ ਪੰਜਾਬੀਆਂ ਦੀ ਧੁਰ ਰੂਹ ਤੱਕ ਆਪਣੀ ਥਾਂ ਰਾਖਵੀਂ ਕਰ ਲੈਣ ਵਿੱਚ ਵੀ ਕਾਮਯਾਬੀ ਪ੍ਰਾਪਤ ਕਰ ਲਈ ਹੈ । ਸਰਦ ਰੁੱਤ ਸ਼ੁਰੂ ਹੁੰਦਿਆਂ ਹੀ ਸਰ੍ਹੋਂ ਦੀ ਫਸਲ ਜਿੱਥੇ ਪੰਜਾਬ ਦੇ ਖੇਤਾਂ 'ਤੇ ਬੰਨਿਆਂ ਦਾ ਸ਼ਿੰਗਾਰ ਬਣਦੀ ਹੈ ਨਾਲ ਹੀ ਸਾਗ ਖਾਣ ਦੇ ਸ਼ੌਕੀਨਾਂ ਲਈ ਹਰੀ ਸਬਜ਼ੀ ਦਾ ਸਬੱਬ ਵੀ ਬਣਦੀ ਹੈ । ਪੰਜਾਬ ਦੇ ਖੇਤਾਂ ਵਿੱਚ ਕਿਸੇ ਵੇਲੇ ਸਰ੍ਹੋਂ ਦੀਆਂ ਗੰਦਲਾਂ ਦੀ ਰਾਖੀ ਕਰਨ ਦਾ ਵੀ ਰਿਵਾਜ਼ ਪ੍ਰਚੱਲਿਤ ਰਿਹਾ ਹੈ ।**



ਸਰ੍ਹੋਂ ਪੰਜਾਬ ਦੀ ਭੂਗੋਲਿਕ 'ਤੇ ਮੌਸਮੀ ਨਿਆਮਤ ਹੋਣ ਕਰਕੇ ਇੱਥੋਂ ਦੇ ਸੱਭਿਆਚਾਰ ਅਤੇ ਲੋਕ ਧਾਰਾ ਵਿੱਚ ਆਪ ਮੁਹਾਰੇ ਹਾਜ਼ਰ ਹੁੰਦੀ ਰਹੀ ਹੈ । ਸਰ੍ਹੋਂ ਦੇ ਸਾਗ ਅਤੇ ਮੱਕੀ ਦੀ ਰੋਟੀ ਦੇ ਜੋੜ ਨੇ ਪੰਜਾਬੀਆਂ ਦੀ ਮਨਭਾਉਂਦੀ ਖੁਰਾਕ ਦਾ ਰੁਤਬਾ ਹਾਸਿਲ ਕਰਨ ਦੇ ਨਾਲ-ਨਾਲ ਪੰਜਾਬ ਦੇ ਰਵਾਇਤੀ ਰੰਗ ਨੂੰ ਦਰਸਾਉਣ ਵਿੱਚ ਵੀ ਵੱਡੀ ਭੂਮਿਕਾ ਨਿਭਾਈ ਹੈ । ਸਰ੍ਹੋਂ ਦੀ ਫਸਲ ਪੰਜਾਬੀਆਂ ਨੂੰ ਸਾਗ ਵਰਗਾ ਮੌਸਮੀ ਤੋਹਫਾ ਦੇਣ ਦੇ ਨਾਲ ਸਰੀਰ ਦੀ ਬਾਹਰੀ ਖੁਸ਼ਕੀ ਨੂੰ ਦੂਰ ਕਰਨ 'ਤੇ ਹੋਰ ਕਈ ਤਰ੍ਹਾਂ ਦੀਆਂ ਨਿਆਮਤਾਂ ਬਖਸ਼ਣ ਕਰਕੇ ਪੰਜਾਬੀਆਂ ਦੀ ਧੁਰ ਰੂਹ ਤੱਕ ਆਪਣੀ ਥਾਂ ਰਾਖਵੀਂ ਕਰ ਲੈਣ ਵਿੱਚ ਵੀ ਕਾਮਯਾਬੀ ਪ੍ਰਾਪਤ ਕਰ ਲਈ ਹੈ । ਸਰਦ ਰੁੱਤ ਸ਼ੁਰੂ ਹੁੰਦਿਆਂ ਹੀ ਸਰ੍ਹੋਂ ਦੀ ਫਸਲ ਜਿੱਥੇ ਪੰਜਾਬ ਦੇ ਖੇਤਾਂ 'ਤੇ ਬੰਨਿਆਂ ਦਾ ਸ਼ਿੰਗਾਰ ਬਣਦੀ ਹੈ ਨਾਲ ਹੀ ਸਾਗ ਖਾਣ ਦੇ ਸ਼ੌਕੀਨਾਂ ਲਈ ਹਰੀ ਸਬਜ਼ੀ ਦਾ ਸਬੱਬ ਵੀ ਬਣਦੀ ਹੈ । ਪੰਜਾਬ ਦੇ ਖੇਤਾਂ ਵਿੱਚ ਕਿਸੇ ਵੇਲੇ ਸਰ੍ਹੋਂ ਦੀਆਂ ਗੰਦਲਾਂ ਦੀ ਰਾਖੀ ਕਰਨ ਦਾ ਵੀ ਰਿਵਾਜ਼ ਪ੍ਰਚੱਲਿਤ ਰਿਹਾ ਹੈ । ਪੰਜਾਬੀ ਗੀਤਾਂ ਤੇ ਲੋਕ ਬੋਲੀਆਂ ਵਿੱਚ ਵੀ ਸਰ੍ਹੋਂ ਦੀ ਫਸਲ ਤੇ ਸਾਗ ਦਾ ਉਚੇਚੇ ਤੌਰ 'ਤੇ ਜਿਕਰ ਦੇਖਣ ਨੂੰ ਮਿਲਦਾ ਹੈ ।

- ਕਾਹਨੂੰ ਮਾਰਦਾ ਜੱਟਾ ਲਲਕਾਰੇ,
ਤੇਰਾ ਕਿਹੜਾ ਸਾਗ ਤੋੜਿਆ ।
- ਕਿਹੜੀ ਏਂ ਤੂੰ ਸਾਗ ਤੋੜਦੀ,
ਹੱਥ ਸੋਚ ਕੇ ਗੰਦਲ ਨੂੰ ਪਾਈਂ ।



ਪਿੰਡਾਂ ਵਿੱਚ ਸੁਆਣੀਆਂ ਘਰਾਂ ਵਿੱਚ ਲਿੱਪੇ ਹੋਏ ਚੁੱਲ੍ਹਿਆਂ ਨੂੰ ਗੋਲੂ ਫੇਰ-ਫੇਰ ਕੇ ਸ਼ਿੰਗਾਰਨ ਤੋਂ ਬਾਅਦ ਬੜੀਆਂ ਰੀਝਾਂ ਅਤੇ ਮੁਸ਼ੱਕਤ ਨਾਲ ਕੱਚ ਵਰਗੀਆਂ ਹਰੀਆਂ ਕਚੂਰ ਗੰਦਲਾਂ ਨੂੰ ਚੀਰ-ਚੀਰ ਘਰ ਦੇ ਜੀਆਂ ਲਈ ਸਾਗ ਤਿਆਰ ਕਰਦੀਆਂ ਰਹੀਆਂ ਹਨ । ਸ਼ਹਿਰੀ ਖੇਤਰਾਂ ਵਿੱਚ ਅੱਜ ਵੀ ਪਿੰਡੋਂ ਕਿਸੇ ਜਾਣ-ਪਛਾਣ ਵਾਲੇ ਵੱਲੋਂ ਸਰ੍ਹੋਂ ਦਾ ਸਾਗ ਬਣਾ ਕੇ ਭੇਜਣਾ ਜਾਂ ਖੇਤਾਂ ਵਿੱਚੋਂ ਸਰ੍ਹੋਂ ਦੀਆਂ ਗੰਦਲਾਂ ਭੇਜਦੀਆਂ, ਕਿਸੇ ਸੋਗਾਤ ਤੋਂ ਘੱਟ ਨਹੀਂ ਮੰਨਿਆ ਜਾਂਦੀਆਂ ।

ਸਿਆਲਾਂ ਦੀ ਰੁੱਤੇ ਇੱਕ ਵਾਰ ਰਿੱਧੇ ਸਾਗ ਨੂੰ ਵਾਰ-ਵਾਰ ਤੜਕਾ ਲਾ ਤੇ ਰੁੱਖੀ-ਮਿੱਸੀ ਖੁਰਾਕ ਖਾ ਕੇ ਗੁਜ਼ਾਰਾ ਕਰਨ ਵਾਲੀ ਸਾਦ ਮੁਰਾਦੀ ਜੀਵਨ ਜਾਂਚ ਸਿਖਾਉਂਦੀ, ਇਹ ਮੌਸਮੀ ਫਸਲ ਪੰਜਾਬੀਆਂ ਦੇ ਅੰਗ-ਸੰਗ ਰਹੀ ਹੈ । ਕਿਸੇ ਵੇਲੇ ਪੰਜਾਬੀ ਲੋਕ ਸਾਦ ਮੁਰਾਦੀ ਜੀਵਨ ਜਾਂਚ ਦੇ ਰੰਗ ਮਾਣਦੇ ਸਾਗ ਦੇ ਪੱਜ ਮੱਖਣ ਦੇ ਪੇੜੇ ਛੱਕਦੇ ਅਤੇ ਘਰਾਂ ਦੀਆਂ ਬੂਰੀਆਂ ਦੇ ਗਾੜ੍ਹੇ ਦੁੱਧਾਂ ਤੋਂ ਬਣੀ ਗਾੜ੍ਹੀ ਲੱਸੀ ਪੀ ਕੇ ਆਪਣੀ ਜਿਸਮਾਨੀ ਤਾਕਤ ਕਾਇਮ ਰੱਖਣ ਵਿੱਚ ਕਾਮਯਾਬ ਹੁੰਦੇ ਰਹੇ ਹਨ । ਦੇਸੀ ਖੁਰਾਕਾਂ ਖਾ ਪੰਜਾਬ ਦੀ ਧਰਤ ਦੇ ਨੌਜਵਾਨ ਆਪਣੇ ਫੌਲਾਦੀ ਜੁਸਿਆਂ ਦੇ ਜ਼ੋਰ, ਕਬੱਡੀਆਂ ਤੇ ਛਿੰਝ ਦੇ ਅਖਾੜਿਆਂ ਵਿੱਚ ਦਿਖਾਉਂਦੇ ਰਹੇ ਹਨ । ਸਰੀਰਾਂ ਦੀ ਸਡੌਲਤਾ ਅਤੇ ਲਿਸ਼ਕ ਨੂੰ ਬਰਕਰਾਰ ਰੱਖਣ ਲਈ ਸਰ੍ਹੋ ਦੇ ਤੇਲ ਦੀ ਭੂਮਿਕਾ ਕਿਸੇ ਕੁਦਰਤੀ ਔਸ਼ਧੀ ਤੋਂ ਘੱਟ ਨਹੀਂ ਸੀ ਹੁੰਦੀ । ਫੱਗਣ ਚੇਤਰ ਦੇ ਦਿਨਾਂ ਵਿੱਚ ਮੌਸਮ ਵਿੱਚ ਰਤਾ ਕੁ ਤਪਸ਼ ਵੱਧਣ ਨਾਲ ਖੇਤਾਂ ਵਿੱਚ ਜੁਆਨ ਹੋਈ ਸਰ੍ਹੋਂ ਦੀਆਂ ਗੰਦਲਾਂ ਦੇ ਨਿਸਰ ਜਾਣ ਮੌਕੇ ਦੂਰ-ਦੂਰ ਤੱਕ ਖਿੜ੍ਹੇ ਪੀਲੇ ਹੁਸਨ ਦੇ ਜਲਬਿਆਂ ਲਈ ਪਾਈ ਜਾਂਦੀ ਬਾਤ ਤਾਂ ਦੇਖਿਆਂ ਹੀ ਬਣਦੀ ਹੈ । ਜੁਆਨ ਹੋਈਆਂ ਸਰ੍ਹੋਂਆਂ ਨਾਲ ਖੇਤਾਂ ਬੰਨਿਆਂ ਦਾ ਮੌਲਿਆ ਹੋਇਆ ਅੰਗ-ਅੰਗ ਆਪਣੇ-ਆਪ ਵਿੱਚ ਕੁਦਰਤੀ ਸੁਹੱਪਣ ਦਾ ਸ਼ਾਹਕਾਰ ਨਜ਼ਾਰਾ ਪੇਸ਼ ਕਰਦਾ ਹੈ । ਬਸੰਤ ਬਹਾਰ ਦੇ ਮੌਕੇ, ਇਸ ਧਰਤ 'ਤੇ ਇਨ੍ਹਾਂ ਬਹਾਰਾਂ ਤੋਂ ਦੂਰ ਹੋਏ ਕੰਤ ਮਾਹੀ ਦੇ ਵਿਯੋਗ ਨੂੰ ਵੀ ਪੰਜਾਬੀ ਸਭਿਆਚਾਰ ਵਿੱਚ ਬੜ੍ਹੇ ਕਲਾਤਮਿਕ ਤਰੀਕੇ ਨਾਲ ਪੇਸ਼ ਕੀਤਾ ਜਾਂਦਾ ਰਿਹਾ ਹੈ ।

**ਉਦੋਂ ਕਿਉਂ ਨਾ ਆਇਆ ਵੈਰੀਆ,**
**ਜਦੋਂ ਰੰਗ ਸੀ ਸਰ੍ਹੋਂ ਦੇ ਫੁੱਲ ਵਰਗਾ ।**

ਪੰਜਾਬ ਦੀ ਜੋਬਨ ਮੱਤੀ ਮੁਟਿਆਰ ਦੇ ਸੁਹੱਪਣ ਤੇ ਮਿਜ਼ਾਜ਼ ਨੂੰ ਵੀ ਇੱਥੋਂ ਦੀ ਮਿੱਟੀ ਵਿੱਚ ਉਪਜੇ ਪੀਲੇ ਹੁਸਨ ਦੇ ਝਲਕਾਰੇ ਮਾਰਦੇ ਸਰ੍ਹੋਂ ਦੇ ਫੁੱਲਾਂ ਨਾਲ ਹੀ ਵਡਿਆਇਆ ਦੇਖਿਆ ਜਾ ਸਕਦਾ ਹੈ ।

**ਕੁੜੀ ਲੈ ਗਿਆ ਸਰ੍ਹੋਂ ਦੇ ਫੁੱਲ ਵਰਗੀ,**
**ਮੁੰਡਾ ਕਾਲੇ ਨਾਗ ਵਰਗਾ ।**

ਸਰ੍ਹੋਂ ਦੇ ਬੀਜਾਂ ਤੋਂ ਤਿਆਰ ਹੋਏ ਤੇਲ ਨੇ ਅੱਜ ਵੀ ਲੋਕਾਂ ਦੇ ਕਈਂ ਥਾਂ ਕੰਮ ਆ ਕੇ ਧੜਕਦੀ ਜ਼ਿੰਦਗੀ ਵਿੱਚ ਆਪਣੀ ਮੱਹਤਤਾ ਕਾਇਮ ਰੱਖੀ ਹੈ । ਸਰ੍ਹੋਂ ਦਾ ਤੇਲ ਆਪਣੀਆਂ ਖੂਬੀਆਂ ਕਰਕੇ ਹੀ ਬੜੇ ਚਿਰਾਂ ਤੋਂ ਪੰਜਾਬੀ ਲੋਕਾਂ ਦੀਆਂ ਖੁਸ਼ੀਆਂ 'ਤੇ ਸ਼ਗਨਾਂ ਦੇ ਮੌਕਿਆਂ 'ਤੇ ਸੱਚੇ ਖੈਰਖਵਾਹ ਵਾਂਗ ਹਾਜ਼ਰੀ ਲਗਾਉਂਦਾ ਰਿਹਾ ਹੈ । ਰੌਸ਼ਨੀਆਂ ਦਾ ਤਿਉਹਾਰ ਦੀਵਾਲੀ ਅੱਜ ਵੀ ਸਰ੍ਹੋਂ ਦੇ ਤੇਲ ਤੋਂ ਬਿਨ੍ਹਾਂ ਅਧੂਰਾ ਜਾਪਦਾ ਹੈ । ਦੀਵਾਲੀ ਦੇ ਤਿਉਹਾਰ ਮੌਕੇ ਬਨੇਰਿਆਂ ਨੂੰ ਰੌਸ਼ਨੀ ਕਰਨ ਲਈ ਸੁੱਚੀ ਰੂੰ ਦੀਆਂ ਵੱਟੀਆਂ ਹੋਈਆਂ ਬੱਤੀਆਂ ਨਾਲ, ਮਿੱਟੀ ਦੇ ਚਿਰਾਗਾਂ ਵਿੱਚ ਬਲਣ ਲਈ ਹਾਜ਼ਰ ਹੋਇਆ, ਸਰ੍ਹੋਂ ਦਾ ਤੇਲ ਆਪ ਬਲ ਕੇ ਦੂਜਿਆਂ ਲਈ ਚਾਨਣ ਵੰਡਣ ਦੀ ਪਰਉਪਕਾਰ ਭੂਮਿਕਾ ਨਿਭਾਈ ਹੈ । ਪੀਰਾਂ ਦੀਆਂ ਦਹਿਲੀਜ਼ਾਂ 'ਤੇ ਜ਼ਿੰਦਗੀ ਦੀਆਂ ਉਮੀਦਾਂ ਨੂੰ ਰੌਸ਼ਨ ਕਰਨ ਦੀ ਤਮੰਨਾ ਨੂੰ ਲੈ ਕੇ ਬਾਲੇ ਜਾਂਦੇ ਚਿਰਾਗਾਂ ਦੌਰਾਨ ਵੀ ਸਰ੍ਹੋਂ ਦੇ ਤੇਲ ਦੀ ਵੱਡੀ ਭੂਮਿਕਾ ਹੁੰਦੀ ਹੈ । ਦੀਵਾਲੀ, ਦੁਸਹਿਰੇ, ਵਿਸਾਖੀਆਂ, ਸ਼ਾਦੀ ਵਿਆਹਾਂ ਅਤੇ ਹੋਰ ਸ਼ਗਨਾਂ ਮੌਕੇ ਮੂੰਹ ਦਾ ਸੁਆਦ ਕਰਾਰਾ ਕਰਨ ਲਈ ਬੇਸਣ ਦੇ ਪਕੌੜਿਆਂ ਨੂੰ ਤਲਣ 'ਤੇ ਚੁੱਲੇ ਚੌਂਕੇ ਵਿੱਚ ਵੀ ਕਈ ਤਰ੍ਹਾਂ ਦੀਆਂ ਸਬਜ਼ੀਆਂ ਨੂੰ ਤੜਕਾ ਲਗਾਉਣ ਮੌਕੇ, ਸਰ੍ਹੋਂ ਦੇ ਤੇਲ ਦੀ ਹੀ ਲੋੜ ਪੈਂਦੀ ਹੈ । ਅੱਜ ਜਦੋਂ ਦੇਸੀ ਤੇ ਬਨਸਪਤੀ ਘਿਓ ਆਮ ਬੰਦੇ ਦੀ ਪਹੁੰਚ ਤੋਂ ਦੂਰ ਹੋ ਰਿਹਾ ਹੈ ਤਾਂ ਇਸ ਹਰੀ-ਭਰੀ ਫਸਲ ਤੋਂ ਤਿਆਰ ਹੁੰਦਾ ਤੇਲ ਹੀ ਲੱਖਾਂ ਪਰਿਵਾਰਾਂ ਦੀ ਰੁੱਖੀ-ਝੱਟ ਟਪਾਉਣ ਰਿਹਾ ਹੈ । ਪੰਜਾਬ ਦੇ ਪਿੰਡਾਂ ਤੇ ਸ਼ਹਿਰਾਂ ਦੀਆਂ ਰਸੋਈਆਂ ਵਿੱਚ ਬਾਰਾਂ ਮਹੀਨੇ ਹਾਜ਼ਰ ਰਹਿਣ ਵਾਲੀ ਲੂਣ ਵਾਲੀ ਚੀਜ਼ ਅਚਾਰ ਦੀ ਤਿਆਰੀ ਤੇ ਮੌਜੂਦਗੀ ਲਈ ਸਰ੍ਹੋਂ ਦੇ ਤੇਲ ਤੋਂ ਬਿਨ੍ਹਾਂ ਸੰਭਵ ਨਹੀਂ ਕਿਸੇ ਵੇਲੇ ਪੰਜਾਬ ਦੇ ਲੋਕਾਂ ਵੱਲੋਂ ਸਰ੍ਹੋਂ ਦਾ ਤੇਲ ਸਾੜ ਕੇ ਕੰਨ ਵਿੱਚ ਪਾਉਣ ਨਾਲ ਕੰਨ ਦੇ ਦਰਦ ਨੂੰ ਦੂਰ ਕਰਨ ਦਾ ਦੇਸੀ ਨੁਸਖਾ ਵੀ ਅਜ਼ਮਾਇਆ ਜਾਂਦਾ ਰਿਹਾ ਹੈ ।

ਸਰ੍ਹੋਂ ਦੇ ਤੇਲ ਦੀ ਮਾਲਿਸ਼ ਥਕਾਵਟ ਨਾਲ ਝੰਭੇ ਸਰੀਰ ਵਿੱਚ ਨਵੀਂ ਰੂਹ ਪੈਦਾ ਕਰਨ ਲਈ ਅਸਰਦਾਰ ਦਵਾਈ ਮੰਨੀ ਜਾਂਦੀ ਹੈ । ਪਹਿਲੇ ਵੇਲਿਆਂ ਵਿੱਚ ਸਰ੍ਹੋਂ ਦੇ ਤੇਲ ਵਿੱਚ ਹਲਦੀ ਸਾੜ ਕੇ ਗਹਿਰੇ ਜ਼ਖਮਾਂ ਨੂੰ ਵੀ ਠੀਕ ਕੀਤਾ ਜਾਂਦਾ ਰਿਹਾ ਹੈ । ਪੰਜਾਬੀ ਜੀਵਨ ਵਿੱਚ ਸੰਗਰਾਂਦ ਦੇ ਦਿਨ ਨੂੰ ਘਰਾਂ ਦੇ ਦਰਵਾਜ਼ਿਆਂ ਦੀਆਂ ਮੁੱਖਾਂ 'ਤੇ ਸਰ੍ਹੋਂ ਦਾ ਤੇਲ ਚੁਆ ਕੇ ਨਵੇਂ ਮਹੀਨੇ ਦੀ ਸ਼ੁਰੂਆਤ ਕੀਤੀ ਜਾਂਦੀ ਸੀ । ਮਹਿਮਾਨ ਨੂੰ ਵਡਿਆਉਣ, ਵਿਆਹਾਂ ਮੌਕੇ ਕੀਤੇ ਜਾਂਦੇ ਸ਼ਗਨਾਂ, ਵਿਆਂਦੜਾਂ ਲਈ ਵਟਣਾ ਤਿਆਰ ਕਰਨ, ਜਾਗੋ ਕੱਢਣ, ਨਵੀਂ ਵਿਆਹੀ ਮੁਟਿਆਰ ਨੂੰ ਸ਼ਗਨਾ ਦਾ ਚੂੜਾ ਪਾਉਣ, ਘਰ ਆਈ ਨਵੀਂ ਵਿਆਹੀ ਜੋੜੀ ਦੀ ਆਮਦ ਮੌਕੇ ਸਰ੍ਹੋਂ ਦੇ ਤੇਲ ਨੇ ਪੰਜਾਬੀਆਂ ਨਾਲ ਬੜੀ ਪੁਰਾਣੀ ਤੇ ਪੱਕੀ ਸਾਂਝ ਪੁਗਾਈ ਹੈ । ਪੰਜਾਬੀ ਜਨ ਜੀਵਨ ਵਿੱਚ ਸਰ੍ਹੋਂ ਦਾ ਲੋਕਾਂ ਨਾਲ ਅਖਿੜਵਾਂ ਰਿਸ਼ਤਾ ਹੋਣ ਕਰਕੇ ਕਿਸਾਨੀ ਪਿਛੋਕੜ ਵਾਲੇ ਘਰਾਂ ਵਿੱਚ ਇਸ ਦੀ ਕਾਸ਼ਤ ਨੂੰ ਵੀ ਉੱਚੀ ਥਾਂ ਦਿੱਤੀ ਜਾਂਦੀ ਰਹੀ ਹੈ । ਮਸ਼ੀਨਰੀ ਤੇ ਕੀਟ ਨਾਸ਼ਕਾਂ ਦੀ ਵਰਤੋਂ ਤੋਂ ਪਹਿਲਾਂ ਲੋਕ ਸਰ੍ਹੋਂ ਨੂੰ ਕਣਕ ਦੀ ਫਸਲ ਅਤੇ ਪਸ਼ੂਆਂ ਦੇ ਹਰੇ ਚਾਰੇ ਬਰਸੀਮ ਦੀਆਂ ਵੱਟਾਂ 'ਤੇ ਲਾ ਕੇ ਗੁਜ਼ਾਰੇ ਜੋਗੀ ਫਸਲ ਬੀਜੀ ਜਾਂਦੀ ਰਹੀ ਹੈ ।

ਪੰਜਾਬ ਵਿੱਚ ਕਿਸਾਨਾਂ ਵੱਲੋਂ ਦੇਸੀ ਰਾਏ ਸਰ੍ਹੋਂ ਦੇ ਨਾਲ ਗੋਭੀ ਸਰ੍ਹੋਂ ਨੂੰ ਵੀ ਆਪਣੀ ਕਾਸ਼ਤ ਦਾ ਹਿੱਸਾ ਬਣਾਇਆ ਜਾਂਦਾ ਰਿਹਾ ਹੈ । ਅੱਜ ਕੱਲ੍ਹ ਕਣਕ ਦੀ ਫਸਲ ਵਿੱਚ ਕੀਟਨਾਸ਼ਕਾਂ ਦੀ ਵਰਤੋਂ ਵੱਧਣ ਕਰਕੇ ਸਰ੍ਹੋਂ ਨੂੰ ਵੱਖਰੇ ਰੂਪ ਵਿੱਚ ਬੀਜਣ ਦਾ ਰੁਝਾਨ ਹੈ, ਪਰ ਵਪਾਰਿਕ ਨੁਕਤੇ ਤੋਂ ਜ਼ਿਆਦਾ ਕਾਸ਼ਤ ਨਾ ਹੋਣ ਕਰਕੇ ਪੰਜਾਬ ਦੇ ਬਾਜ਼ਾਰਾਂ ਵਿੱਚੋਂ ਵੀ ਦੂਜੀਆਂ ਥਾਂਵਾਂ 'ਤੇ ਤਿਆਰ ਹੋਇਆ ਤੇਲ ਹੀ ਮਿਲਦਾ ਹੈ, ਜਿਸ ਦੀ ਸ਼ੁੱਧਤਾ ਘਰ ਦੀ ਸਰ੍ਹੋਂ ਦੇ ਕੋਹਲੂ ਤੋਂ ਕਢਵਾਏ ਤੇਲ ਦੇ ਬਰਾਬਰ ਨਹੀਂ ਮੰਨੀ ਜਾ ਸਕਦੀ । ਪੰਜਾਬ ਵਿੱਚ ਕਈ ਤਰ੍ਹਾਂ ਦੇ ਤੇਲ ਉਪਲਬੱਧ ਹਨ, ਪਰ ਸਰ੍ਹੋਂ ਦੇ ਤੇਲ ਨੇ ਆਪਣੀਆਂ ਖੂਬੀਆਂ ਕਰਕੇ ਆਪਣਾ ਵਜ਼ੂਦ ਅਜੇ ਵੀ ਕਾਇਮ ਰੱਖਿਆ ਹੋਇਆ ਹੈ ।

**ਵਰਿੰਦਰ ਸਿੰਘ ਨਿਮਾਣਾ**

# ਹਲਦੀ ਦੇ ਗੁਣ ਅਤੇ ਸਾਵਧਾਨੀਆਂ

ਹਲਦੀ ਵਿਚ ਬੇਹੱਦ ਸੰਪਰਦਾਵਾਂ ਮੌਜੂਦ ਹਨ, ਆਯੁਰਵੇਦ ਨੇ ਇਸ ਦੇ ਗੁਣਾਂ ਨੂੰ ਪਹਿਚਾਣਿਆ ਹੈ ਅਤੇ ਇਸ ਦੀ ਰੋਜ਼ਾਨਾ ਵਰਤੋਂ ਕਰਨ ਲਈ ਆਖਿਆ ਹੈ । ਇਸ ਲਈ ਇਹ ਕੁਦਰਤੀ ਪੋਸ਼ਣ ਦੇ ਨਾਲ-ਨਾਲ ਮਨੁੱਖ ਨੂੰ ਤੰਦਰੁਸਤ ਬਣਾਈ ਰੱਖਣ ਵਿਚ ਮਹੱਤਵਪੂਰਨ ਯੋਗਦਾਨ ਪਾ ਰਹੀ ਹੈ ।

ਹਲਦੀ ਕੁਦਰਤ ਦਾ ਅਮੁੱਲ ਤੋਹਫਾ ਹੈ । ਇਸ ਵਿਚ ਪ੍ਰਤੀਰੋਧਕ ਸ਼ਕਤੀ ਨੂੰ ਵਧਾਉਣ ਦੀ ਤਾਕਤ ਹੁੰਦੀ ਹੈ । ਇੱਥੋਂ ਤੱਕ ਕਿ ਹਲਦੀ ਦੀ ਵਰਤੋਂ ਕਰਨ ਨਾਲ ਕੈਂਸਰ ਜਿਹੇ ਖਤਰਨਾਕ ਰੋਗਾਂ ਦੇ ਵਧਦੇ ਪ੍ਰਭਾਵ ਨੂੰ ਵੀ ਰੋਕਿਆ ਜਾ ਸਕਦਾ ਹੈ । ਹਲਦੀ ਵਿਚ ਮੌਜੂਦ ''ਐਂਟੀ-ਇੰਮਫਲੇਮੇਟਰੀ' ਵਰਗੇ ਗੁਣ ਆਰਥਰਾਈਟਸ ਤੇ ਗਠੀਆ ਦੇ ਇਲਾਜ ਵਿਚ ਕਾਫੀ ਕਾਰਗਰ ਮੰਨੇ ਗਏ ਹਨ । ਪੁਰਾਣੇ ਸਮੇਂ ਤੋਂ ਹੀ ਭਾਰਤੀ ਲੋਕ ਹਲਦੀ ਦੇ ਗੁਣਾਂ ਤੋਂ ਜਾਣੂੰ ਸਨ, ਇਸ ਲਈ ਉਨ੍ਹਾਂ ਨੇ ਹਲਦੀ ਦੀ ਵਰਤੋਂ ਭੋਜਨ ਵਿਚ ਕਰਨ ਲਈ ਜ਼ੋਰ ਦਿੱਤਾ, ਜੋ ਅੱਜ ਵੀ ਵਿਗਿਆਨਕ ਯੁੱਗ ਵਿਚ ਪ੍ਰਚੱਲਤ ਹੈ ।



ਹਲਦੀ ਦੀ ਵਰਤੋਂ ਭੋਜਨ ਵਿਚ ਕੇਵਲ ਮਸਾਲਿਆਂ ਦੇ ਰੂਪ ਵਿਚ ਹੀ ਨਹੀਂ ਹੁੰਦੀ, ਸਗੋਂ ਗੁਣਕਾਰੀ ਦਵਾਈ ਦੇ ਰੂਪ ਵਿਚ ਵੀ ਕੀਤੀ ਜਾਂਦੀ ਹੈ । ਜ਼ੁਕਾਮ, ਹਰ ਤਰ੍ਹਾਂ ਦੀ ਸਰੀਰਕ ਕਮਜ਼ੋਰੀ ਅਤੇ ਪਾਚਨ ਤੰਤਰ ਵਿਚ ਗੜਬੜ ਹੋਣ 'ਤੇ ਹਲਦੀ ਦਵਾਈ ਦਾ ਕੰਮ ਕਰਦੀ ਹੈ । ਹਲਦੀ ਵਿਚ ਐਂਟੀਸੈਪਟਿਕ ਗੁਣ ਵੱਡੀ ਮਾਤਰਾ ਵਿਚ ਮੌਜੂਦ ਹੁੰਦੇ ਹਨ । ਸੁੰਦਰਤਾ ਨੂੰ ਨਿਖਾਰਨ ਦੀ ਤਾਕਤ ਹਲਦੀ ਤੋਂ ਇਲਾਵਾ ਹੋਰ ਕਿਤੇ ਨਹੀਂ ਹੈ । ਪੁਰਾਣੇ ਸਮੇਂ ਦਾ ਵੱਟਣਾ ਇਸ ਦੀ ਉਦਾਹਰਣ ਹੈ, ਜੋ ਅੱਜ ਵੀ ਪ੍ਰਚੱਲਤ ਹੈ । ਇਸ ਲਈ ਦੁਲਹਾ-ਦੁਲਹਨ ਦੇ ਲਈ ਹਲਦੀ ਦੀ ਵਰਤੋਂ ਜ਼ਰੂਰੀ ਕਰਾਰ ਦਿੱਤੀ ਗਈ ਹੈ ।

ਛੋਟੇ-ਮੋਟੇ ਰੋਗਾਂ ਦੇ ਇਲਾਜ ਵਿਚ ਹਲਦੀ ਦੀ ਵਰਤੋਂ ਬਹੁਤ ਹੀ ਲਾਭਦਾਇਕ ਸਿੱਧ ਹੁੰਦੀ ਹੈ । ਜ਼ੁਕਾਮ ਦੇ ਕਾਰਨ ਨੱਕ ਵਿੱਚੋਂ ਪਾਣੀ ਨਿਕਲਣ 'ਤੇ ਅਤੇ ਗਲਾ ਨਾ ਖੁੱਲ੍ਹਣ 'ਤੇ ਕੱਚੀ ਹਲਦੀ ਵਿਚ ਸਾਦਾ ਨਮਕ, ਦੇਸੀ ਘਿਓ, ਕਾਲੀਆਂ ਮਿਰਚਾਂ ਆਦਿ ਮਿਲਾ ਕੇ ਇਸ ਦੀ ਵਰਤੋਂ ਨਾਲ ਲਾਭ ਹੁੰਦਾ ਹੈ । ਮੌਸਮੀ ਤਬਦੀਲੀ ਕਾਰਨ ਸਰੀਰ 'ਤੇ ਦਾਗ ਪੈ ਜਾਣ ਅਤੇ ਖਾਰਸ਼ ਹੋਣ 'ਤੇ ਹਲਦੀ ਦੇ ਹਲਵੇ ਦੀ ਵਰਤੋਂ ਲਾਭਕਾਰੀ ਹੈ । ਕਮਰ ਦਰਦ ਜਾਂ ਕੋਈ ਹੋਰ ਦਰਦ ਹੋਵੇ ਕੱਚੀ ਹਲਦੀ ਅਤੇ ਸ਼ਹਿਦ ਦੀ ਬਰਾਬਰ ਮਾਤਰਾ ਵਿਚ ਵਰਤੋਂ ਕਰਨ ਨਾਲ ਲਾਭ ਹੁੰਦਾ ਹੈ । ਪੇਟ ਵਿਚ ਜ਼ਖਮ ਹੋਣ ਤਾਂ ਹਲਦੀ ਲੈਣ ਨਾਲ ਜ਼ਖਮ ਛੇਤੀ ਭਰਦੇ ਹਨ ।

**ਸਾਵਧਾਨੀਆਂ** : ਹਲਦੀ ਦੀ ਤਾਸੀਰ ਗਰਮ ਹੋਣ ਕਰਕੇ ਇਸ ਨੂੰ ਬਿਲਕੁਲ ਘੱਟ ਮਾਤਰਾ ਵਿਚ ਲੈਣਾ ਚਾਹੀਦਾ ਹੈ, ਅਕਸਰ ਹਾਈ ਬਲੱਡ ਪ੍ਰੈਸ਼ਰ ਅਤੇ ਕਲੈਸਟਰੋਲ ਦੇ ਮਰੀਜ਼ਾਂ ਨੂੰ ਖੂਨ ਪਤਲਾ ਕਰਨ ਵਾਲੀਆਂ ਗੋਲੀਆਂ ਦੀ ਵਰਤੋਂ ਕਰਨੀ ਪੈਂਦੀ ਹੈ । ਇਸ ਲਈ ਇਨ੍ਹਾਂ ਮਰੀਜ਼ਾਂ ਨੂੰ ਦੁੱਧ ਵਿਚ ਹਲਦੀ ਉਬਾਲ ਕੇ ਨਹੀਂ ਲੈਣੀ ਚਾਹੀਦੀ, ਕਿਉਂਕਿ ਹਲਦੀ ਵਾਲੇ ਦੁਧ ਵਿਚ ਖੂਨ ਨੂੰ ਪਤਲਾ ਕਰਨ ਵਾਲੇ ਗੁਣ ਹੁੰਦੇ ਹਨ । ਪਿਤੇ ਦੀ ਪੱਥਰੀ ਅਤੇ ਬਵਾਸੀਰ ਦੇ ਰੋਗੀਆਂ ਨੂੰ ਵੀ ਹਲਦੀ ਦੀ ਵਰਤੋਂ ਡਾਕਟਰ ਦੀ ਸਲਾਹ ਨਾਲ ਕਰਨੀ ਚਾਹੀਦੀ ਹੈ । ਹਲਦੀ ਦੀ ਵਰਤੋਂ ਕੇਵਲ ਭੋਜਨ ਅਤੇ ਦਵਾਈਆਂ ਵਿਚ ਹੀ ਨਹੀਂ, ਸਗੋਂ ਕੱਪੜਾ ਉਦਯੋਗ, ਸਾਬਣ, ਮੰਜਨ ਅਤੇ ਮਲ੍ਹਮ ਬਣਾਉਣ ਵਿਚ ਵੀ ਹੁੰਦੀ ਹੈ ।

**- ਸੁਖਮੰਦਰ ਸਿੰਘ ਤੂਰ, ਪਿੰਡ ਤੇ ਡਾਕ ਖੋਸਾ ਪਾਂਡੋ (ਮੋਗਾ)**

ਕੰਵਰਪਾਲ ਸਿੰਘ ਢਿਲੋਂ
ਅਤੇ ਰੋਹਿਤ ਗੁਪਤਾ,
ਪੀ. ਏ. ਯੂ.-ਕ੍ਰਿਸ਼ੀ ਵਿਗਿਆਨ ਕੇਂਦਰ,
ਅੰਮ੍ਰਿਤਸਰ (ਮੋ. 99156-78787)

## ਸਰਦ ਰੁੱਤ ਵਿੱਚ
# ਸਫਲ ਮੁਰਗੀ ਪਾਲਣ



**ਭਾਰਤ ਵਿਚ ਸਰਦੀ ਦੇ ਮੌਸਮ ਵਿਚ ਵੱਖ-ਵੱਖ ਖੇਤਰਾਂ ਦਾ ਤਾਪਮਾਨ 40°F ਤੋਂ ਹੇਠਾਂ ਤੱਕ ਡਿੱਗ ਜਾਂਦਾ ਹੈ। ਜਿਸ ਕਰਕੇ ਮੁਰਗੀ ਪਾਲਣ ਵਿਚ ਕਈ ਸਮੱਸਿਆਵਾਂ ਜਿਵੇਂ ਆਂਡਿਆਂ ਦੇ ਉਤਪਾਦਨ ਵਿਚ ਕਮੀ, ਮੁਰਗੀਆਂ ਦਾ ਪਾਣੀ ਘੱਟ ਪੀਣਾ, ਚੂਚਿਆਂ ਦੇ ਮਰਨ ਦੀ ਦਰ ਵਿਚ ਵਾਧਾ, ਪ੍ਰਜਨਣ ਸਮਰੱਥਾ ਆਦਿ ਪੈਦਾ ਹੋ ਜਾਂਦੀਆਂ ਹਨ। ਦਸੰਬਰ ਤੋਂ ਫਰਵਰੀ ਤੱਕ ਕੜਾਕੇ ਦੀ ਠੰਡ ਪੈਂਦੀ ਹੈ ਜਿਸ ਨਾਲ ਵਾਤਾਵਰਣ ਦਾ ਤਾਪਮਾਨ ਘੱਟ ਹੋਣ ਨਾਲ ਨਮੀਂ ਵੱਧ ਜਾਂਦੀ ਹੈ। ਧੁੰਦ ਅਤੇ ਪ੍ਰਦੂਸ਼ਣ ਦੇ ਕਾਰਨ ਸੂਰਜ ਦੀ ਰੌਸ਼ਨੀ/ਗਰਮੀ ਘੱਟ ਜਾਂਦੀ ਹੈ। ਸਰਦ ਰੁੱਤ ਵਿਚ ਆਂਡਿਆਂ ਅਤੇ ਮੀਟ ਦੀ ਕੀਮਤ ਵਿਚ ਵਾਧਾ ਹੋ ਜਾਂਦਾ ਹੈ ਪਰ ਜੇ ਅਜਿਹੇ ਸਮੇਂ ਵਿਚ ਮੁਰਗੀਆਂ ਦੀ ਸਹੀ ਸੰਭਾਲ ਨਾ ਹੋਵੇ ਤਾਂ ਕਿਸਾਨ ਨੂੰ ਆਰਥਿਕ ਪੱਖੋਂ ਕਾਫੀ ਨੁਕਸਾਨ ਹੋ ਸਕਦਾ ਹੈ। ਇਸ ਲਈ ਸਫਲ ਪੋਲਟਰੀ ਫਾਰਮਿੰਗ ਲਈ ਮੁਰਗੀਆਂ ਜਾਂ ਬਰਾਇਲਰ ਫਾਰਮ ਵਿਚ ਸਰਦੀਆਂ ਦਾ ਪ੍ਰਬੰਧ ਵਿਸ਼ੇਸ਼ ਮਹੱਤਵ ਰੱਖਦਾ ਹੈ।**

**ਮੁਰਗੀਆਂ ਦਾ ਰੱਖ-ਰਖਾਵ** : ਸਰਦੀਆਂ ਵਿਚ ਮੁਰਗੀਖਾਨੇ ਨੂੰ ਨਿੱਘਾ ਰੱਖਣ ਲਈ ਖਿੜਕੀਆਂ ਅਤੇ ਜਾਲੀਆਂ ਉੱਪਰ ਬੋਰੀਆਂ ਜਾਂ ਪਲਾਸਟਿਕ ਦੀ ਪੱਲੀਆਂ ਦਾ ਪਰਦਾ ਲਾਇਆ ਜਾ ਸਕਦਾ ਹੈ। ਇਹ ਪੱਲੀਆਂ ਸੂਰਜ ਦੀ ਰੌਸ਼ਨੀ ਵੇਲੇ 10-11 ਵਜੇ ਤੋਂ ਸ਼ਾਮ 3-4 ਵਜੇ ਤੱਕ ਇਕੱਠੀ ਕਰ ਦੇਣੀ ਚਾਹੀਦੀ ਹੈ ਤਾਂ ਕਿ ਮੁਰਗੀਆਂ ਨੂੰ ਸੂਰਜੀ ਊਰਜਾ ਮਿਲ ਸਕੇ ਅਤੇ ਤਾਜੀ ਹਵਾ ਦੀ ਆਵਾਜਾਈ ਵੀ ਹੋ ਸਕੇ। ਧਿਆਨ ਰਹੇ ਕਿ ਖਿੜਕੀਆਂ/ਜਾਲੀਆਂ ਦਾ ਉਪਰਲਾ ਹਿੱਸਾ ਇਕ ਫੁੱਟ ਨੰਗਾ ਰਹੇ ਤਾਂ ਕਿ ਸ਼ੈਡ ਅੰਦਰ ਹਵਾ ਦਾ ਪ੍ਰਵਾਹ ਬਣਿਆ ਰਹੇ। ਛੱਤਾਂ ਦਾ ਵਾਧਰਾ 3-4 ਫੁੱਟ ਲੰਬਾਈ ਦਾ ਰੱਖੋ ਤਾਂ ਜੋ ਮੀਂਹ ਦੀ ਵਾਛੜ ਤੋਂ ਸ਼ੈਡ ਦੇ ਅੰਦਰੂਨੀ ਵਾਤਾਵਰਣ ਨੂੰ ਬਚਾਇਆ ਜਾ ਸਕੇ।

ਮੁਰਗੀ ਸ਼ੈਡ ਦੇ ਅੰਦਰਲੇ ਤਾਪਮਾਨ ਨੂੰ 12°C ਤੋਂ 22°C ਰੱਖਣ ਲਈ ਬਲਬਾਂ ਦੀ ਗਿਣਤੀ ਵਧਾਈ ਜਾਂ ਘਟਾਈ ਜਾ ਸਕਦੀ ਹੈ। ਮੁਰਗੀਆਂ/ਚੂਚੇ ਬਲਬਾਂ ਦੇ ਨੇੜੇ ਇਕੱਠੇ ਹੋਣ ਤਾਂ ਸਮਝੋ ਤਾਪਮਾਨ ਵਿਚ ਗਿਰਾਵਟ ਹੈ, ਜੇ ਦੂਰ-ਦੂਰ ਰਹਿਣ ਤਾਂ ਤਾਪਮਾਨ ਵਧੇਰੇ ਹੈ। ਕੋਰੇ, ਕੱਕਰ ਦੇ ਦਿਨਾਂ ਵਿਚ ਲੱਕੜ ਦੇ ਬੂਰੇ ਵਾਲੀਆਂ ਬੁਖਾਰੀਆਂ/ਹੀਟਰ ਸ਼ੈਡਾਂ ਨੂੰ ਗਰਮ ਕਰਨ ਵਾਸਤੇ ਵਰਤੇ ਜਾ ਸਕਦੇ ਹਨ। ਧਿਆਨ ਰਹੇ ਕਿ ਬੁਖਾਰੀ ਦਾ ਧੂੰਆਂ ਇਕ ਲੰਬੀ ਪਾਈਪ ਰਾਹੀਂ ਸ਼ੈਡ ਤੋਂ ਬਾਹਰ ਕੱਢਿਆ ਹੋਵੇ, ਕਿਉਂਕਿ ਧੂੰਆਂ ਮੁਰਗੀਆਂ ਦੀ ਸਿਹਤ ਲਈ ਨੁਕਸਾਨਦਾਇਕ ਹੈ। ਸਰਦੀਆਂ ਵਿਚ ਸ਼ੈਡ ਦੀਆਂ ਖਿੜਕੀਆਂ ਬੰਦ ਰੱਖਣ ਨਾਲ ਅਮੋਨੀਆਂ ਅਤੇ ਕਾਰਬਨ ਡਾਈਆਕਸਾਈਡ ਗੈਸ ਮੁਸ਼ੀਬਤ ਦਾ ਕਾਰਨ ਬਣਦੀ ਹੈ, ਇਹ ਗੈਸ ਵਿੱਠਾਂ ਵਿਚ ਕੀਟਾਣੂਆਂ ਦੁਆਰਾ ਪੈਦਾ ਹੁੰਦੀ ਹੈ ਤੇ ਇਸ ਵਿਚਲੀ ਨਮੀ ਇਸ ਪ੍ਰਕਿਰਿਆ ਨੂੰ ਹੋਰ ਵਧਾ ਦਿੰਦੀ ਹੈ। ਇਹ ਗੈਸਾਂ ਹਵਾ ਨਾਲੋਂ ਭਾਰੀ ਹੋਣ ਕਰਕੇ ਹੇਠਾਂ ਹੀ ਰਹਿੰਦੀਆਂ ਹਨ ਜਿਸ ਨਾਲ ਮੁਰਗੀਆਂ ਨੂੰ ਸਾਹ ਲੈਣ ਵਿਚ ਤਕਲੀਫ ਹੁੰਦੀ ਹੈ ਜਿਸਦਾ ਅਸਰ ਆਂਡਿਆਂ ਦੀ ਪੈਦਾਵਾਰ ਉੱਪਰ ਪੈਂਦਾ ਹੈ। ਅੰਦਰੂਨੀ ਹਵਾ ਦੀ ਆਵਾਜਾਈ ਨੂੰ ਇਸ ਤਰ੍ਹਾਂ ਵਿਵਸਥਿਤ ਕੀਤਾ ਜਾਂਦਾ ਹੈ ਕਿ ਅੰਦਰ ਪੈਦਾ ਹੋਈ ਅਮੋਨੀਆ ਅਤੇ ਕਾਰਬਨ ਡਾਈਆਕਸਾਈਡ ਗੈਸ ਬਾਹਰ ਨਿਕਲਦੀ ਰਹੇ ਅਤੇ ਨਾਲੋ-ਨਾਲ ਤਾਪਮਾਨ ਬਣਾਈ ਰੱਖਣ ਲਈ ਬਿਜਲੀ ਦੀ ਵਰਤੋਂ ਨੂੰ ਵੀ ਘਟਾਇਆ ਜਾ ਸਕੇ।



**ਨਮੀਂ ਦਾ ਪ੍ਰਬੰਧ** : ਮੁਰਗੀਖਾਨੇ ਦੇ ਅੰਦਰ ਦੀ ਨਮੀਂ 40-60% ਤੋਂ ਜ਼ਿਆਦਾ ਨਹੀਂ ਹੋਣੀ ਚਾਹੀਦੀ। ਮੁਰਗੀਆਂ ਦੀਆਂ ਵਿੱਠਾਂ ਵਿਚ 40-80% ਨਮੀਂ ਹੁੰਦੀ ਹੈ ਜਿਸ ਵਿਚੋਂ 20% ਨਮੀਂ ਹਵਾ ਵਿਚ ਆ ਜਾਂਦੀ ਹੈ ਅਤੇ ਬਾਕੀ ਫੱਕ ਵਿਚ ਰਿਸ ਜਾਂਦੀ ਹੈ ਜੋ ਡਲੀਆਂ ਦਾ ਰੂਪ ਧਾਰਨ ਕਰ ਜਾਂਦੀ ਹੈ। ਜਿਸ ਨਾਲ ਨਮੀਂ ਹੋਰ ਵੱਧ ਜਾਂਦੀ ਹੈ ਅਤੇ ਇਸਦਾ ਉਤਪਾਦਨ ਉੱਪਰ ਮਾੜਾ ਅਸਰ ਪੈਂਦਾ ਹੈ। ਸਰਦੀਆਂ ਵਿਚ ਫੱਕ ਦੀ ਮੋਟਾਈ 9-12 ਇੰਚ ਕਰ ਦੇਣੀ ਚਾਹੀਦੀ ਹੈ ਤਾਂ ਜੋ ਮੁਰਗੀਆਂ ਇਸ ਵਿਚ ਬੈਠ ਕੇ ਠੰਡ ਤੋਂ ਬਚ ਸਕਣ। ਸਰਦੀਆਂ ਵਿਚ ਥੋੜ੍ਹੇ ਸਮੇਂ ਬਾਅਦ ਫੱਕ ਨੂੰ ਹਿਲਾਉਂਦੇ ਰਹਿਣਾ ਚਾਹੀਦਾ ਤਾਂ ਕਿ ਇਸ ਦੀ ਨਮੀਂ ਸੁੱਕ ਜਾਵੇ। ਜ਼ਿਆਦਾ ਗਿੱਲੀ ਫੱਕ ਹੋਣ ਤੇ ਇਸ ਨੂੰ ਬਦਲ ਦੇਣਾ ਚਾਹੀਦਾ ਹੈ।

**ਪੀਣ ਵਾਲੇ ਪਾਣੀ ਦਾ ਪ੍ਰਭਾਵ** : ਸਰਦੀਆਂ ਵਿਚ ਵੀ ਮੁਰਗੀਆਂ ਨੂੰ ਸਾਫ ਅਤੇ ਤਾਜੇ ਕੋਸੇ ਪਾਣੀ ਦੀ ਲੋੜ ਹੁੰਦੀ ਹੈ। ਠੰਡ ਕਾਰਨ ਪਾਣੀ ਠੰਡਾ ਹੋ ਜਾਂਦਾ ਹੈ ਤੇ ਇਸ ਲਈ 2-3 ਵਾਰ ਪਾਣੀ ਬਦਲ ਦੇਣਾ ਚਾਹੀਦਾ ਹੈ। ਮੁਰਗੀਆਂ ਨੂੰ 24 ਘੰਟੇ ਪਾਣੀ ਨਾ ਮਿਲਣ ਨਾਲ ਆਂਡਿਆਂ ਦਾ ਉਤਪਾਦਨ 30% ਘੱਟ ਜਾਂਦਾ ਹੈ। ਯਾਦ ਰਹੇ ਮੁਰਗੀਆਂ 2-3 ਗੁਣਾ ਪਾਣੀ ਪੀਣ ਅਤੇ 100 ਮੁਰਗੀਆਂ ਪਿੱਛੇ 25-30 ਲੀਟਰ ਸਾਫ-ਸੁਥਰਾ ਪਾਣੀ ਖਪਤ ਹੋਵੇ।

**ਚਾਨਣ/ਰੌਸ਼ਨੀ ਦਾ ਪ੍ਰਬੰਧ** : ਰੌਸ਼ਨੀ ਦੀਆਂ ਕਿਰਨਾਂ ਮੁਰਗੀਆਂ ਦੇ ਸਿਰ ਵਿਚ ਸਥਿਤ ਗ੍ਰੰਥੀ ਨੂੰ ਉਤੇਜਿਤ ਕਰਦੀ ਹੈ ਜੋ ਅੰਡੇਦਾਨੀ ਵਿਚ ਆਂਡੇ ਨੂੰ ਵਧਾਉਣ ਵਿਚ ਸਹਾਇਤਾ ਕਰਦੀ ਹੈ। ਸਰਦੀਆਂ ਵਿਚ ਛੋਟੇ ਦਿਨ ਅਤੇ ਰਾਤਾਂ ਲੰਬੀਆਂ ਹੁੰਦੀਆਂ ਹਨ ਅਤੇ ਧੁੰਦਾਂ ਕਾਰਨ ਕਈ ਵਾਰ ਸੂਰਜ ਵੀ ਬਹੁਤ ਥੋੜ੍ਹੇ ਸਮੇਂ ਲਈ ਨਿਕਲਦਾ ਹੈ। ਜਿਸ ਕਾਰਨ ਮੁਰਗੀਆਂ ਨੂੰ ਪੂਰੀ ਰੌਸ਼ਨੀ ਨਹੀਂ ਮਿਲਦੀ ਅਤੇ ਆਂਡਿਆਂ ਦਾ ਉਤਪਾਦਨ ਘੱਟ ਜਾਂਦਾ ਹੈ। ਮੁਰਗੀਆਂ ਨੂੰ ਵਧੀਆ ਆਂਡੇ ਉਤਪਾਦਨ ਲਈ 15-16 ਘੰਟੇ ਪ੍ਰਤੀ ਦਿਨ ਰੌਸ਼ਨੀ ਦੇਣੀ ਚਾਹੀਦੀ ਹੈ। ਚੂਚਿਆਂ ਨੂੰ ਪਹਿਲੇ ਹਫਤੇ 24 ਘੰਟੇ ਰੌਸ਼ਨੀ ਚਾਹੀਦੀ ਹੈ। 8-18 ਹਫਤੇ ਦੀ ਉਮਰ ਤੱਕ ਕੁਦਰਤੀ ਰੌਸ਼ਨੀ ਤੋਂ ਇਲਾਵਾ ਹੋਰ ਰੌਸ਼ਨੀ ਦੀ ਲੋੜ ਨਹੀਂ ਹੁੰਦੀ। 18 ਹਫਤੇ ਤੋਂ ਬਾਅਦ ਰੌਸ਼ਨੀ ਵਧਾ ਕੇ 15-16 ਘੰਟੇ ਪ੍ਰਤੀ ਦਿਨ ਕਰ ਦੇਣੀ ਚਾਹੀਦੀ ਹੈ।

**ਖੁਰਾਕ ਦਾ ਪ੍ਰਬੰਧ** : ਸਰਦੀਆਂ ਵਿਚ ਜੇ ਤਾਪਮਾਨ 1° ਘੱਟਦਾ ਹੈ ਤਾਂ ਮੁਰਗੀਆਂ 1% ਦਾਣਾ ਜ਼ਿਆਦਾ ਖਾਣ ਲੱਗ ਜਾਂਦੀਆਂ ਹਨ। ਸਰਦੀਆਂ ਵਿਚ ਵਿਚ ਬ੍ਰਾਇਲਰ ਚੂਚਿਆਂ ਦੀ ਖੁਰਾਕ ਵਿਚ ਊਰਜਾ ਤੱਤ 3100 ਤੋਂ 3400 ਕਿਲੋ ਕੈਲਰੀ ਪ੍ਰਤੀ ਕਿਲੋ ਫੀਡ ਵਧਾ ਦੇਣੀ ਚਾਹੀਦੀ ਹੈ। ਇਸ ਨਾਲ ਉਹਨਾਂ ਦਾ ਸਰੀਰਕ ਵਾਧਾ ਤੇਜ਼ ਹੋ ਜਾਂਦਾ ਹੈ। ਸਰਦੀਆਂ ਵਿਚ ਦਾਣੇ ਵਿਚ ਊਰਜਾ ਵਧਾਉਣ ਲਈ ਚਿਕਨਾਈ ਜਾਂ ਤੇਲ ਪਾਇਆ ਜਾ ਸਕਦਾ ਹੈ। ਮੁਰਗੀਆਂ/ਚੂਚਿਆਂ ਨੂੰ ਵਿਟਾਮਿਨ 'ਸੀ' ਅਤੇ 'ਈ' ਅਤੇ ਹੋਰ ਖਣਿਜ ਤੱਤਾਂ ਦੀ ਵਧੀਕ ਮਾਤਰਾ ਉਪਲੱਬਧ ਕਰਵਾਉਣੀ ਚਾਹੀਦੀ ਹੈ ਤਾਂ ਕਿ ਉਨ੍ਹਾਂ ਨੂੰ ਠੰਡ ਦੇ ਅਸਰ ਤੋਂ ਬਚਾਇਆ ਜਾ ਸਕੇ।

**ਚੂਚਿਆਂ ਦੀ ਦੇਖ-ਭਾਲ** : ਘੱਟ ਤਾਪਮਾਨ ਕਰਕੇ ਸਰਦੀਆਂ ਵਿਚ ਚੂਚਿਆਂ ਦੀ ਮੌਤ ਦਰ ਵਿਚ ਵਾਧਾ ਹੋ ਜਾਂਦਾ ਹੈ। ਇਸ ਲਈ ਚੂਚਿਆਂ ਦੀ ਵਿਸ਼ੇਸ਼ ਦੇਖ-ਭਾਲ ਕਰਨੀ ਪੈਂਦੀ ਹੈ। ਚੂਚਿਆਂ ਨੂੰ ਪਾਉਣ ਤੋਂ ਪਹਿਲਾਂ ਸੇਚਣ ਵਾਲੇ ਕਮਰੇ ਵਿਚ ਲਿਆਉਣ ਤੋਂ 25 ਘੰਟੇ ਪਹਿਲਾਂ ਤਾਪਮਾਨ ਅਨੁਕੂਲ ਕਰ ਲੈਣਾ ਚਾਹੀਦਾ ਹੈ। ਚੂਚਿਆਂ ਨੂੰ ਪਹਿਲੀ ਵਾਰ ਕੋਸਾ ਪਾਣੀ ਦਿਓ। ਜਿਸ ਵਿਚ ਗੁੜ/ਖੰਡ ਪਾਉਣ ਨਾਲ ਵਾਧੂ ਊਰਜਾ ਮਿਲ ਸਕੇ। ਚੂਚਿਆਂ ਨੂੰ 8-10 ਹਫਤੇ ਖੰਭ ਨਿਕਲਣ ਤੱਕ ਬਰੂਡਰ ਦੇ ਹੇਠਾਂ ਹੀ ਰੱਖੋ।

**ਟੀਕਾਕਰਨ** : ਸਰਦੀਆਂ ਵਿਚ ਮੁਰਗੀਆਂ/ਚੂਚਿਆਂ ਦੇ ਵਿੱਚ ਫਫੂੰਦ, ਸਾਹ ਦੀਆਂ ਬਿਮਾਰੀਆਂ ਜਿਵੇਂ ਕਿ ਸੀ. ਆਰ. ਡੀ. / ਨਿਮੋਨੀਆਂ ਆਦਿ ਤੋਂ ਬਚਾਉਣ ਲਈ ਸਮੇਂ ਸਿਰ ਨਿਮੋਨੀਆਂ ਦਾ ਟੀਕਾਕਰਨ ਕਰੋ ਅਤੇ ਇਹਨਾਂ ਨੂੰ ਵੱਡੀਆਂ ਮੁਰਗੀਆਂ ਤੋਂ ਘੱਟੋ-ਘੱਟ 100 ਮੀਟਰ ਦੂਰ ਰੱਖੋ ਕਿਉਂਕਿ ਮੁਰਗੀ ਪਾਲਣ ਵਿਚ ''ਇਲਾਜ ਨਾਲੋਂ ਪਰਹੇਜ ਚੰਗਾ'' ਵਾਲੀ ਕਹਾਵਤ ਬੜੀ ਢੁੱਕਵੀਂ ਬਣਦੀ ਹੈ। ਮੁਰਗੀਖਾਨੇ ਵਿਚ ਕੋਈ ਵੀ ਬਿਮਾਰੀ ਆਉਣ ਤੇ ਮਰੇ ਹੋਏ ਚੂਚੇ ਜਾਂ ਮੁਰਗੀ ਦਾ ਪੋਸਟ ਮਾਰਟਮ ਜ਼ਰੂਰ ਕਰਵਾਓ ਤਾਂ ਕਿ ਉਸਦੇ ਮਰਨ ਦਾ ਕਾਰਨ ਪਤਾ ਲੱਗ ਸਕੇ ਅਤੇ ਤੁਰੰਤ ਵੈਟਰਨਰੀ ਡਾਕਟਰ ਦੀ ਸਲਾਹ ਲਓ।


# ਪਿਆਜ਼ ਵਿਚ ਨਦੀਨਾਂ, ਕੀੜੇ-ਮਕੌੜਿਆਂ ਅਤੇ ਬਿਮਾਰੀਆਂ ਦੀ ਰੋਕਥਾਮ

**ਨਦੀਨਾਂ ਦੀ ਰੋਕਥਾਮ** : ਨਦੀਨਾਂ ਦੀ ਰੋਕਥਾਮ ਲਈ 3-4 ਗੋਡੀਆਂ ਜ਼ਰੂਰੀ ਹਨ। ਪਹਿਲੀ ਗੋਡੀ ਪਨੀਰੀ ਲਾਉਣ ਤੋਂ ਤਿੰਨ ਹਫਤੇ ਪਿੱਛੋਂ ਕਰੋ। ਬਾਕੀ ਗੋਡੀਆਂ 15 ਦਿਨ ਦੇ ਵਕਫੇ ਤੇ ਕਰਦੇ ਰਹੋ। ਇਸ ਤੋਂ ਇਲਾਵਾ ਗੋਲ 23.5 ਈ ਸੀ (ਆਕਸੀਫਲੋਰਫਿਨ) 380 ਮਿਲੀਲਿਟਰ ਪ੍ਰਤੀ ਏਕੜ ਨੂੰ 200 ਲਿਟਰ ਪਾਣੀ ਵਿਚ ਘੋਲ ਕੇ ਗੰਢਿਆਂ ਦੀ ਪਨੀਰੀ ਲਾਉਣ ਤੋਂ ਇਕ ਹਫਤੇ ਦੇ ਅੰਦਰ-ਅੰਦਰ ਛਿੜਕਾਅ ਕਰਨ ਅਤੇ 90-100 ਦਿਨਾਂ ਬਾਅਦ ਇਕ ਗੋਡੀ ਕਰਨ ਨਾਲ ਨਦੀਨਾਂ ਦੀ ਰੋਕਥਾਮ ਕੀਤੀ ਜਾ ਸਕਦੀ ਹੈ।

**ਕੀੜੇ-ਮਕੌੜਿਆਂ ਦੀ ਰੋਕਥਾਮ**

**ਪਿਆਜ਼ਾਂ ਦੀ ਥਰਿੱਪ** : ਫੁੱਲ ਪੈਣ ਤੇ ਇਹ ਕੀੜਾ ਘਾਤਕ ਹੁੰਦਾ ਹੈ ਅਤੇ ਇਹ ਬੀਜ ਬਣਨ ਦੀ ਪ੍ਰਕਿਰਿਆ ਨੂੰ ਘਟਾਉਂਦਾ ਹੈ। ਇਸ ਦਾ ਵਧੇਰੇ ਹਮਲਾ ਫਰਵਰੀ ਤੋਂ ਮਈ ਮਹੀਨੇ ਤੱਕ ਹੁੰਦਾ ਹੈ। ਇਸ ਦੀ ਰੋਕਥਾਮ ਲਈ 30 ਗ੍ਰਾਮ ਜੰਪ 80 ਡਬਲਯੂ ਜੀ (ਫਿਪਰੋਨਿਲ) ਜਾਂ 250 ਮਿਲੀਲਿਟਰ ਰੋਗਰ 30 ਈ ਸੀ (ਡਾਈਮੈਥੋਏਟ) ਨੂੰ 100 ਲਿਟਰ ਪਾਣੀ ਘੋਲ ਕੇ ਪ੍ਰਤੀ ਏਕੜ ਛਿੜਕਾਅ ਕਰੋ।

**ਪਿਆਜ਼ਾਂ ਦੀ ਸੁੰਡੀ** : ਹਮਲਾ ਗ੍ਰਸਤ ਬੂਟੇ ਪੀਲੇ ਪੈ ਕੇ ਮੁਰਝਾਅ ਜਾਂਦੇ ਹਨ। ਹਮਲੇ ਵਿਚ ਬੂਟਿਆਂ ਦੀਆਂ ਭੂਕਾਂ ਸਿਰਿਆਂ ਤੋਂ ਹੇਠਾਂ ਵੱਲ ਨੂੰ ਭੂਰੀਆਂ ਹੋਣੀਆਂ ਸ਼ੁਰੂ ਹੋ ਜਾਂਦੀਆਂ ਹਨ। ਪਿਆਜ਼ ਅਤੇ ਜੜ੍ਹ ਕੋਲੋਂ ਭੂਕਾਂ ਪਿਲਕ (ਪਾਣੀ ਨਾਲ ਭਰ) ਜਾਂਦੀਆਂ ਹਨ, ਜਿਨ੍ਹਾਂ ਵਿਚ ਲੱਗਭਗ ਅੱਧਾ ਸੈਮੀ. ਲੰਮੀਆਂ ਸੁੰਡੀਆਂ ਹੁੰਦੀ ਹਨ। ਇਨ੍ਹਾਂ ਦਾ ਇਕ ਸਿਰਾ ਤਿੱਖਾ ਹੁੰਦਾ ਹੈ। ਸੁੰਡੀਆਂ ਪਿਆਜ਼ / ਲਸਣ ਵਿਚ ਸੁਰੰਗਾਂ ਬਣਾਉਂਦੀਆਂ ਹਨ ਅਤੇ ਸਿਰਫ ਬਾਹਰਲੀ ਛਿੱਲ ਹੀ ਬਾਕੀ ਬਚਦੀ ਹੈ। ਜਦੋਂ ਪਿਆਜ਼/ਲਸਣ ਵੱਡਾ ਹੁੰਦਾ ਹੈ ਤਾਂ ਬਹੁਤ ਸਾਰੀਆਂ ਸੁੰਡੀਆਂ ਉਨ੍ਹਾਂ ਵਿਚ ਖੋਰਾ ਕਰ ਦਿੰਦੀਆਂ ਹਨ। ਸਟੋਰ ਕੀਤੇ ਹੋਏ ਸੁੰਡੀ ਦੇ ਹਮਲਾਗ੍ਰਸਤ ਪਿਆਜ਼ ਜਾਂ ਲਸਣ ਜੀਵਾਣੂੰ ਹਮਲਿਆਂ ਕਾਰਨ ਆਮ ਕਰਕੇ ਗਲ ਜਾਂਦੇ ਹਨ। ਸੁੰਡੀ ਦੇ ਹਮਲੇ ਵਾਲੇ ਬੂਟਿਆਂ ਨੂੰ ਪੁੱਟ ਕੇ ਨਸ਼ਟ ਕਰ ਦਿਉ।



**ਬਿਮਾਰੀਆਂ ਦੀ ਰੋਕਥਾਮ** : ਪਿਆਜ ਦੇ ਜਾਮਣੀ ਧੱਬੇ ਬੀਜ ਵਾਲੀ ਫਸਲ ਅਤੇ ਖਾਣ ਲਈ ਪੈਦਾ ਕੀਤੀ ਫਸਲ ਉੱਤੇ ਆਮ ਹੁੰਦੇ ਹਨ, ਪਰ ਬੀਜ ਵਾਲੀ ਫਸਲ ਦਾ ਜ਼ਿਆਦਾ ਨੁਕਸਾਨ ਹੁੰਦਾ ਹੈ। ਇਹ ਰੋਗ ਲਸਣ ਨੂੰ ਵੀ ਲੱਗਦਾ ਹੈ। ਇਸ ਬਿਮਾਰੀ ਕਰਕੇ ਪੱਤਿਆਂ ਜਾਂ ਬੀਜ ਵਾਲੀ ਡੰਡੀ ਉੱਤੇ ਛੋਟੇ-ਛੋਟੇ ਹਲਕੇਰੰਗ ਦੇ ਧੱਬੇ ਪੈ ਜਾਂਦੇ ਹਨ। ਬਾਅਦ ਵਿਚ ਇਹ ਭੂਰੇ ਰੰਗ ਵਿਚ ਬਦਲ ਜਾਂਦੇ ਹਨ। ਜਦੋਂ ਧੱਬੇ ਵੱਡੇ ਹੁੰਦੇ ਹਨ ਤਾਂ ਇਨ੍ਹਾਂ ਦੇ ਚੱਕਰ ਬਣ ਜਾਂਦੇ ਹਨ ਅਤੇ ਇਹ ਜਾਮਣੀ ਰੰਗ ਵਿਚ ਬਦਲ ਜਾਂਦੇ ਹਨ। ਇਨ੍ਹਾਂ ਦੇ ਕੰਢੇ ਗੂੜ੍ਹੇ ਜਾਮਣੀ ਤੋਂ ਲਾਲ ਰੰਗ ਦੇ ਹੁੰਦੇ ਹਨ ਅਤੇ ਕੰਢੇ ਦੇ ਬਾਹਰ ਹਲਕੇ ਪੀਲੇ ਰੰਗ ਦਾ ਘੇਰਾ ਬਣ ਜਾਂਦਾ ਹੈ। ਸਿੱਲ੍ਹੇ ਮੌਸਮ ਵਿਚ ਚਟਾਖ ਦੇ ਵਿਚਕਾਰ ਕਾਲੇ ਰੰਗ ਦੀ ਉੱਲੀ ਦਾ ਮਾਦਾ ਦਿਖਾਈ ਦਿੰਦਾ ਹੈ। ਬਿਮਾਰੀ ਵਾਲੇ ਪੱਤੇ ਅਤੇ ਬੀਜ ਵਾਲੀਆਂ ਡੰਡੀਆਂ ਜ਼ਮੀਨ ਉੱਤੇ ਡਿੱਗ ਪੈਂਦੀਆਂ ਹਨ ਅਤੇ ਬੀਜ ਸੁੰਗੜ ਜਾਂਦੇ ਹਨ। ਉੱਲੀ ਦਾ ਵਾਧਾ ਮੀਂਹ ਜਾਂ ਲਗਾਤਾਰ ਤਰੇਲ ਪੈਣ ਦੀਆਂ ਹਾਲਤਾਂ ਵਿਚ ਹੁੰਦਾ ਹੈ। 25-28 ਡਿਗਰੀ ਸੈਂਟੀਗਰੇਡ ਤਾਪਮਾਨ ਬਿਮਾਰੀ ਦੇ ਵਾਧੇ ਲਈ ਅਨੁਕੂਲ ਹੈ। ਥਰਿੱਪ ਦੇ ਹਮਲੇ ਵਾਲੇ ਬੂਟਿਆਂ ਨੂੰ ਬਿਮਾਰੀ ਛੇਤੀ ਲੱਗਦੀ ਹੈ। ਇਸ ਦੀ ਰੋਕਥਾਮ ਲਈ ਬੀਜ ਨੂੰ ਬੀਜਣ ਤੋਂ ਪਹਿਲਾਂ 3 ਗ੍ਰਾਮ ਪ੍ਰਤੀ ਕਿਲੋ ਦੇ ਹਿਸਾਬ ਥੀਰਮ ਜਾਂ ਕੈਪਟਾਨ ਨਾਲ ਸੋਧ ਲਵੋ। ਫਸਲ ਉੱਤੇ ਕੈਵੀਐਟ 300 ਗ੍ਰਾਮ ਇੰਡੋਫਿਲ ਐਮ 45 ਨੂੰ 600 ਗ੍ਰਾਮ ਪ੍ਰਤੀ ਏਕੜ ਅਤੇ 200 ਮਿਲਿ. ਟ੍ਰਾਈਟੋਨ ਜਾਂ ਅਲਸੀ ਦਾ ਤੇਲ ਪਾ ਕੇ ਬਿਮਾਰੀ ਸ਼ੁਰੂ ਹੋਣ ਤੇ 10 ਦਿਨ ਦੇ ਵਕਫੇ ਤੇ ਤਿੰਨ ਛਿੜਕਾਅ ਕਰੋ।

ਅਮਨਦੀਪ ਕੌਰ, ਗੁਰਬੀਰ ਕੌਰ ਅਤੇ
ਇੰਦਰਪ੍ਰੀਤ ਕੌਰ ਬੋਪਾਰਾਏ, ਫਾਰਮ ਸਲਾਹਕਾਰ
ਕੇਂਦਰ, ਬਰਨਾਲਾ (ਮੋ. 94646-59995)

# ਪੇਂਡੂ ਵਿਕਾਸ ਤੇ ਖੇਤੀ ਨੂੰ ਲਾਹੇਵੰਦੀ ਬਣਾਉਣ ਵਿਚ ਅਹਿਮ ਰੋਲ ਅਦਾ ਕਰ ਸਕਦੀ ਹੈ ਸਹਿਕਾਰਤਾ



ਡਾ. ਰਣਜੀਤ ਸਿੰਘ ਘੁੰਮਣ, ਪ੍ਰੋਫੈਸਰ ਆਫ ਐਮੀਨੈਂਸ, ਗੁਰੂ ਨਾਨਕ ਦੇਵ, ਯੂਨੀਵਰਸਿਟੀ, ਅੰਮ੍ਰਿਤਸਰ
ਅਤੇ ਪ੍ਰੋਫੈਸਰ (ਅਰਥ-ਵਿਗਿਆਨ) ਪੰਜਾਬੀ ਯੂਨੀਵਰਸਿਟੀ, ਪਟਿਆਲਾ । ਮੋਬਾਈਲ : 98722-20714

ਪੰਜਾਬ ਸਰਕਾਰ ਦੇ ਸਹਿਕਾਰਤਾ ਵਿਭਾਗ ਵਲੋਂ 14 ਨਵੰਬਰ 2024 ਵਿਖੇ ਇਕ ਵਰਕਸ਼ਾਪ ਕਰਕੇ 71ਵਾਂ ਸਰਬ ਭਾਰਤੀ ਸਹਿਕਾਰਤਾ ਸਪਤਾਹ ਮਨਾਉਣ ਦੀ ਸ਼ੁਰੂਆਤ ਕੀਤੀ ਗਈ । ਵਰਕਸ਼ਾਪ ਦਾ ਮੁੱਖ ਉੱਦੇਸ਼ ਸਹਿਕਾਰਤਾ ਲਹਿਰ ਦੇ ਸਸ਼ਕਤੀਕਰਨ ਰਾਹੀਂ ਖੇਤੀ, ਉੱਦਮ, ਰੁਜ਼ਗਾਰ ਅਤੇ ਹੁਨਰ ਨੂੰ ਉਤਸ਼ਾਹਿਤ ਕਰਨ ਲਈ ਜਾਣਕਾਰੀ ਅਤੇ ਤਜ਼ਰਬੇ ਸਾਂਝੇ ਕਰਨਾ ਸੀ । ਸਹਿਕਾਰਤਾ ਵਿਭਾਗ ਦੇ ਉੱਚ-ਅਧਿਕਾਰੀਆਂ ਅਤੇ ਕਰਮਚਾਰੀਆਂ ਤੋਂ ਇਲਾਵਾ ਸਹਿਕਾਰਤਾ ਲਹਿਰ 'ਚ ਮਿਸਾਲੀ ਤਜਰਬੇ ਕਰ ਰਹੇ ਉੱਦਮੀਆਂ ਅਤੇ ਕਿਸਾਨਾਂ (ਮਰਦ ਅਤੇ ਔਰਤਾਂ) ਨੇ ਵੀ ਭਾਗ ਲਿਆ ।

ਸਹਿਕਾਰਤਾ ਪ੍ਰਣਾਲੀ ਦਾ ਮੁੱਖ ਉੱਦੇਸ਼ ਲੋਕਾਂ ਦਾ ਸਵੈ-ਇੱਛਾ ਨਾਲ ਮੈਂਬਰ ਬਣ ਕੇ ਸਾਂਝੀਆਂ ਆਰਥਿਕ, ਸਮਾਜਿਕ ਅਤੇ ਸੱਭਿਆਚਾਰਕ ਲੋੜਾਂ ਦੀ ਪੂਰਤੀ ਕਰਨਾ ਹੈ ਪਰ ਇਸ ਦੀ ਕਾਮਯਾਬੀ ਲਈ ਸਾਂਝੀ ਮਲਕੀਅਤ ਅਤੇ ਲੋਕਤੰਤਰੀ ਕੰਟਰੋਲ ਪਹਿਲੀ ਸ਼ਰਤ ਹੈ । ਪਰ ਸਮੇਂ ਦੇ ਨਾਲ ਸਹਿਕਾਰੀ ਸਭਾਵਾਂ 'ਚ ਸਿਆਸੀ ਅਤੇ ਅਫਸਰਸ਼ਾਹੀ ਦੀ ਹੱਦੋਂ ਵੱਧ ਬੇਲੋੜੀ ਦਖਲ-ਅੰਦਾਜ਼ੀ ਕਾਰਨ ਲੋਕਤੰਤਰੀ ਪ੍ਰਬੰਧ ਤਾਂ ਤਕਰੀਬਨ ਖਤਮ ਹੀ ਹੋ ਗਿਆ ਹੈ । ਸਹਿਕਾਰੀ ਸਭਾਵਾਂ ਦੀਆਂ ਚੋਣਾਂ ਅੱਵਲ ਤਾਂ ਕਈ ਕਈ ਸਾਲ ਹੋਣ ਨਹੀਂ ਦਿੱਤੀਆਂ ਜਾਂਦੀਆਂ ਪਰ ਜੇਕਰ ਹੁੰਦੀਆਂ ਵੀ ਹਨ ਤਾਂ ਲੋਕਤੰਤਰ ਵਿਧੀ ਦੀ ਥਾਂ ਰਾਜ-ਕਰਦੀ ਸਿਆਸੀ ਪਾਰਟੀ ਦੇ ਮੰਤਰੀ, ਐਮ. ਐਲ. ਏ. ਅਤੇ ਹਲਕਾ ਇੰਚਾਰਜ ਆਪਣੇ-ਆਪਣੇ ਚਹੇਤਿਆਂ ਨੂੰ ਅੱਗੇ ਲਿਆ ਕੇ ਸਭਾ ਦੇ ਕੰਮਕਾਰ ਨੂੰ ਕੁੱਝ ਕੁ ਮੈਂਬਰਾਂ ਦੇ ਹਿੱਤ 'ਚ ਭੁਗਤਾਉਂਦੇ ਹਨ । ਨਤੀਜੇ ਵਜੋਂ ਸਾਧਾਰਨ ਮੈਂਬਰਾਂ ਦੀ ਸਭਾ 'ਚ ਦਿਲਚਸਪੀ ਘਟਣ ਲਗਦੀ ਹੈ ਅਤੇ ਸਭਾ ਕੁਝ ਕੁ ਸ਼ਕਤੀਸ਼ਾਲੀ ਲੋਕਾਂ ਦੀ ਰਖੇਲ ਬਣ ਕੇ ਰਹਿ ਜਾਂਦੀ ਹੈ । ਰਿਸ਼ਵਤਖੋਰੀ ਅਤੇ ਨਿਯਮਾਂ ਨੂੰ ਛਿੱਕੇ ਟੰਗਣਾ ਇਕ ਆਮ ਰਿਵਾਜ ਹੋ ਗਿਆ ਹੈ ।

**ਸਹਿਕਾਰਤਾ ਪ੍ਰਣਾਲੀ ਦਾ ਮੁੱਖ ਉੱਦੇਸ਼ ਲੋਕਾਂ ਦਾ ਸਵੈ-ਇੱਛਾ ਨਾਲ ਮੈਂਬਰ ਬਣ ਕੇ ਸਾਂਝੀਆਂ ਆਰਥਿਕ, ਸਮਾਜਿਕ ਅਤੇ ਸੱਭਿਆਚਾਰਕ ਲੋੜਾਂ ਦੀ ਪੂਰਤੀ ਕਰਨਾ ਹੈ ਪਰ ਇਸ ਦੀ ਕਾਮਯਾਬੀ ਲਈ ਸਾਂਝੀ ਮਲਕੀਅਤ ਅਤੇ ਲੋਕਤੰਤਰੀ ਕੰਟਰੋਲ ਪਹਿਲੀ ਸ਼ਰਤ ਹੈ । ਪਰ ਸਮੇਂ ਦੇ ਨਾਲ ਸਹਿਕਾਰੀ ਸਭਾਵਾਂ 'ਚ ਸਿਆਸੀ ਅਤੇ ਅਫਸਰਸ਼ਾਹੀ ਦੀ ਹੱਦੋਂ ਵੱਧ ਬੇਲੋੜੀ ਦਖਲ-ਅੰਦਾਜ਼ੀ ਕਾਰਨ ਲੋਕਤੰਤਰੀ ਪ੍ਰਬੰਧ ਤਾਂ ਤਕਰੀਬਨ ਖਤਮ ਹੀ ਹੋ ਗਿਆ ਹੈ ।**

ਪੰਜਾਬ ਦੇ ਤਿੰਨ ਵੱਡੇ ਸਹਿਕਾਰੀ ਅਦਾਰੇ (ਮਾਰਕਫੈੱਡ, ਮਿਲਕਫੈੱਡ ਤੇ ਸ਼ੂਗਰਫੈੱਡ) ਵੀ ਇਨ੍ਹਾਂ ਅਲਾਮਤਾਂ ਤੋਂ ਬਚ ਨਹੀਂ ਸਕੇ । ਉਪਰੋਕਤ ਵਰਕਸ਼ਾਪ ਦੌਰਾਨ ਇਕ ਕਿਸਾਨ ਨੇਤਾ ਪਰਮਿੰਦਰ ਸਿੰਘ ਚਲਾਕੀ (ਜੋ ਮਿਲਕਫੈੱਡ ਨਾਲ ਨੇੜਿਓਂ ਜੁੜੇ ਰਹੇ ਹਨ) ਨੇ ਬੜੀ ਬੇਬਾਕੀ ਨਾਲ ਦੱਸਿਆ ਕਿ ਕਿਵੇਂ ਮਿਲਕਫੈੱਡ ਦੇ ਅਦਾਰਿਆਂ 'ਚ ਵੱਡੀ ਪੱਧਰ 'ਤੇ ਹੋ ਰਹੀ ਰਿਸ਼ਵਤਖੋਰੀ (ਬਾਵਜੂਦ ਅਧਿਕਾਰੀਆਂ ਦੇ ਧਿਆਨ 'ਚ ਲਿਆਉਣ ਦੇ) ਖਿਲਾਫ ਬਣਦੀ ਕਾਰਵਾਈ ਨਹੀਂ ਕੀਤੀ ਗਈ । ਵੈਸੇ ਰਿਸ਼ਵਤਖੋਰੀ ਤਾਂ ਪੰਜਾਬ ਦੇ ਹਰ ਸਰਕਾਰੀ ਅਤੇ ਸਹਿਕਾਰੀ ਅਦਾਰੇ ਨੂੰ ਘੁਣ ਵਾਂਗ ਖਾ ਰਹੀ ਹੈ । ਵਿਕਾਸ ਸੰਬੰਧੀ ਫੰਡਾਂ 'ਚ ਵੀ ਧੜੱਲੇ ਨਾਲ ਘਪਲਾ ਹੋ ਰਿਹਾ ਹੈ । ਇਸ ਪਿੱਛੇ ਮੁੱਖ ਕਾਰਨ ਸਿਆਸੀ ਰਿਸ਼ਵਤਖੋਰੀ ਅਤੇ ਪੁਸ਼ਤ ਪਨਾਹੀ ਹੈ ਅਤੇ ਅਜਿਹੇ ਵਰਤਾਰੇ ਦੇ ਚਲਦਿਆਂ ਭ੍ਰਿਸ਼ਟ ਅਧਿਕਾਰੀਆਂ / ਕਰਮਚਾਰੀਆਂ ਅਤੇ ਨੇਤਾਵਾਂ ਨੂੰ ਹੋਰ ਉਤਸ਼ਾਹ ਮਿਲਦਾ ਹੈ ਅਤੇ ਇਮਾਨਦਾਰ ਅਧਿਕਾਰੀ ਨਿਰਉਤਸ਼ਾਹਿਤ ਹੋ ਜਾਂਦੇ ਹਨ । ਨਤੀਜੇ ਵਜੋਂ ਸਮੁੱਚੇ ਵਿਕਾਸ ਉੱਪਰ ਮਾੜਾ ਪ੍ਰਭਾਵ ਪੈਂਦਾ ਹੈ ।



ਬਹੁ-ਮੰਤਵੀ ਖੇਤੀ ਸਹਿਕਾਰੀ ਸਭਾਵਾਂ ਫਸਲੀ ਵਿਭਿੰਨਤਾ 'ਚ ਨਿੱਗਰ ਯੋਗਦਾਨ ਪਾ ਸਕਦੀਆਂ ਹਨ ਅਤੇ ਕੁਝ ਯਤਨ ਵੀ ਹੋ ਰਹੇ ਹਨ । ਹਾਲ ਹੀ 'ਚ ਲੇਖਕ ਵਲੋਂ ਹਾਲ ਹੀ 'ਚ ਕਸਬੇ ਹਰਿਆਣਾ 'ਚ ਫੈਪਰੋ (FAPRO) ਸਹਿਕਾਰੀ ਸਭਾ ਦੇ ਦੌਰੇ ਦੌਰਾਨ ਇਕ ਨੌਜਵਾਨ ਡਾ. ਅਰਬਿੰਦ ਸਿੰਘ ਨੇ ਦੱਸਿਆ ਕਿ ਕਿਸ ਤਰ੍ਹਾਂ ਫੈਪਰੋ ਨੇ ਸਮੂਹਿਕ-ਸੌਦੇਬਾਜ਼ੀ ਰਾਹੀਂ ਚੰਗਾ ਭਾਅ ਦੁਆ ਕੇ 46 ਸ਼ਹਿਦ ਉਤਪਾਦਕਾਂ ਨੂੰ ਤਿੰਨ ਕਰੋੜ ਰੁਪਏ ਦਾ ਕੰਮ ਦਿਵਾਇਆ । ਫੈਪਰੋ ਹਲਦੀ, ਦਾਲਾਂ ਅਤੇ ਗੰਨਾ ਉਤਪਾਦਕਾਂ ਦੇ ਸਮੂਹ ਬਣਾ ਕੇ ਪ੍ਰੋਸੈਸਿੰਗ ਅਤੇ ਮੰਡੀਕਰਨ ਰਾਹੀਂ ਚੰਗੀ ਆਮਦਨ ਕਮਾਉਣ 'ਚ ਮਦਦ ਕਰ ਰਹੀ ਹੈ । ਫੈਪਰੋ ਦੀ ਰਹਿਨੁਮਾਈ ਕਰ ਰਹੇ ਡਾ. ਚਮਨ ਲਾਲ ਨੇ ਦੱਸਿਆ ਕਿ ਉਹ ਮਿਸ਼ਨ ਸੰਪੂਰਨ ਖੇਤੀ ਅਤੇ ਪੂਰਨ ਰੁਜ਼ਗਾਰ ਅਧੀਨ ਇਕ ਖੇਤੀ ਮਾਡਲ ਤਿਆਰ ਕਰਕੇ ਸੈਂਕੜੇ ਕਿਸਾਨਾਂ ਤੋਂ ਕੁਦਰਤੀ ਖੇਤੀ ਕਰਵਾ ਕੇ ਜਿੱਥੇ ਵਾਤਾਵਰਨ ਪੱਖੋਂ ਇਕ ਟਿਕਾਊ ਅਤੇ ਸਿਹਤਮੰਦ ਖੇਤੀ ਕਰਵਾ ਰਹੇ ਹਨ, ਉੱਥੇ ਕਿਸਾਨਾਂ ਦੀ ਆਮਦਨ 'ਚ ਵੀ ਵਾਧਾ ਹੋ ਰਿਹਾ ਹੈ । ਵਰਕਸ਼ਾਪ 'ਚ ਹਾਜ਼ਰ ਹਰਦੀਪ ਸਿੰਘ, ਹਰਜਿੰਦਰ ਸਿੰਘ, ਰਜਨੀਸ਼ ਵਿੱਜ ਅਤੇ ਕਈ ਹੋਰ ਨੌਜਵਾਨਾਂ ਵਲੋਂ ਆਪਣੇ-ਆਪਣੇ ਤਜਰਬੇ ਸਾਂਝੇ ਕਰਦਿਆਂ ਦੱਸਿਆ ਗਿਆ ਕਿ ਕਿਵੇਂ ਉਹ ਕਿਸਾਨ-ਉਤਪਾਦਕ-ਸੰਗਠਨ (Farmers-Producers-Organization) ਬਣਾ ਕੇ ਫਲਾਂ ਅਤੇ ਸਬਜ਼ੀਆਂ ਦੀ ਖੇਤੀ ਦੀ ਪ੍ਰੋਸੈਸਿੰਗ ਅਤੇ ਮੰਡੀਕਰਨ ਕਰਕੇ ਕਣਕ-ਝੋਨੇ ਦੀ ਖੇਤੀ ਦੇ ਮੁਕਾਬਲੇ ਕਈ ਗੁਣਾਂ ਜ਼ਿਆਦਾ ਆਮਦਨ ਕਮਾਉਣ ਦੇ ਨਾਲ-ਨਾਲ ਫਸਲੀ ਵਿਭਿੰਨਤਾ 'ਚ ਵੀ ਯੋਗਦਾਨ ਪਾ ਰਹੇ ਹਨ । ਉਨ੍ਹਾਂ ਦਾ ਕਹਿਣਾ ਸੀ ਕਿ ਜੇਕਰ ਸਹਿਕਾਰਤਾ ਵਿਭਾਗ ਕੀਤੇ ਮਾਲ ਦੇ ਮੰਡੀਕਰਨ ਲਈ ਵਿਕਰੀ-ਪਲੇਟਫਾਰਮ ਤਿਆਰ ਕਰਵਾ ਕੇ ਦੇ ਦੇਵੇ ਤਾਂ ਉਹ ਇਸ ਦਾ ਸਕੇਲ ਕਾਫੀ ਵਧਾ ਸਕਦੇ ਹਨ ਪਰ ਸਹਿਕਾਰਤਾ ਵਿਭਾਗ ਵਲੋਂ ਅਜੇ ਤੱਕ ਉਨ੍ਹਾਂ ਸੰਬੰਧੀ ਪੁਖਤਾ ਪਹੁੰਚ ਹੀ ਨਹੀਂ ਕੀਤੀ । ਪੰਜਾਬ ਦੇ ਪੇਂਡੂ-ਖੇਤਰਾਂ 'ਚ ਹੋ ਰਹੀਆਂ ਪਹਿਲਕਦਮੀਆਂ ਅਤੇ ਤਜਰਬਿਆਂ ਦੀ ਜੇਕਰ ਮਿਸ਼ਨਰੀ ਮੌਡ 'ਚ ਬਾਂਹ ਫੜੀ ਜਾਵੇ ਤਾਂ ਕਿਸਾਨਾਂ ਦੀ ਆਮਦਨ ਵਧਾਉਣ ਦੇ ਨਾਲ ਫਸਲੀ ਵਿਭਿੰਨਤਾ ਦੀਆਂ ਸੰਭਾਵਨਾਵਾਂ ਵੀ ਵਧਾਈਆਂ ਜਾ ਸਕਦੀਆਂ ਹਨ ।

**ਸਹਿਕਾਰਤਾ ਵਿਭਾਗ ਕੀ ਕਰੇ ?**

ਪੰਜਾਬ ਸਰਕਾਰ ਦੇ 2023 ਦੇ ਅੰਕੜਾ ਸਾਰ ਅਨੁਸਾਰ ਪੰਜਾਬ 'ਚ ਕੁੱਲ 12081 ਪਿੰਡ, 13153 ਪੰਚਾਇਤਾਂ ਅਤੇ 1.92 ਕਰੋੜ ਪੇਂਡੂ ਵੱਸੋਂ ਹੈ । ਕੁਲ 19528 ਸਹਿਕਾਰੀ ਸਭਾਵਾਂ 'ਚੋਂ 3871 ਖੇਤੀਬਾੜੀ ਨਾਲ ਸੰਬੰਧਿਤ ਹਨ । ਸਾਰੀਆਂ ਕਿਸਮ ਦੀਆਂ ਸਹਿਕਾਰੀ ਸਭਾਵਾਂ ਦੇ ਮੈਂਬਰਾਂ ਦੀ ਗਿਣਤੀ 55 ਲੱਖ ਦੇ ਕਰੀਬ ਹੈ । ਇਨ੍ਹਾਂ ਅੰਕੜਿਆਂ ਤੋਂ ਇੰਜ ਲੱਗਦਾ ਹੈ ਕਿ ਪੰਜਾਬ 'ਚ ਸਹਿਕਾਰੀ ਸਭਾਵਾਂ ਦਾ ਜਾਲ ਵਿਛਿਆ ਹੋਇਆ ਹੈ ਪਰ ਅੰਕੜਿਆਂ ਅਤੇ ਧਰਾਤਲੀ ਹਕੀਕਤ ਵਿਚ ਬਹੁਤ ਅੰਤਰ ਹੈ । ਖੇਤੀਬਾੜੀ ਸਹਿਕਾਰੀ ਸਭਾਵਾਂ ਪਿੰਡਾਂ ਦੀ ਗਿਣਤੀ ਦੇ ਹਿਸਾਬ ਨਾਲ ਨਾ ਕੇਵਲ ਬਹੁਤ ਘੱਟ ਹਨ, ਬਲਕਿ ਉਨ੍ਹਾਂ ਵਿਚੋਂ ਵੀ ਬਹੁਤੀਆਂ ਕਰਜ਼ਾ ਦੇਣ ਤਕ ਹੀ ਸੀਮਿਤ ਹਨ ।

ਉਪਰੋਕਤ ਸੰਦਰਭ 'ਚ ਸਭ ਤੋਂ ਪਹਿਲਾਂ ਤਾਂ ਸਹਿਕਾਰਤਾ ਵਿਭਾਗ ਵਲੋਂ ਬਹੁ-ਮੰਤਵੀ ਖੇਤੀ ਸਹਿਕਾਰੀ ਸਭਾਵਾਂ ਨੂੰ ਸਹੀ ਅਰਥਾਂ 'ਚ ਬਹੁ-ਮੰਤਵੀ ਬਣਾਵੇ । ਇਸ ਨਾਲ ਮਸ਼ੀਨਰੀ ਅਤੇ ਹੋਰ ਸਾਧਨਾਂ ਦਾ ਵੀ ਸਾਂਝਾ ਉਪਯੋਗ ਕਰਕੇ ਕਿਸਾਨ ਉੱਪਰ ਮਸ਼ੀਨਰੀ ਦਾ ਬੇਲੋੜਾ ਭਾਰ ਘਟੇਗਾ । ਇਨਪੁੱਟਸ (ਮਸ਼ੀਨਰੀ, ਖਾਦਾਂ, ਬੀਜ ਅਤੇ ਕੀਟਨਾਸ਼ਕ, ਆਦਿ) ਖਰੀਦਣ ਲਈ ਸਮੂਹਿਕ ਖਰੀਦ ਸ਼ਕਤੀ ਰਾਹੀਂ ਸੌਦੇਬਾਜ਼ੀ ਦੀ ਤਾਕਤ ਵਧੇਗੀ । ਇਸੇ ਤਰ੍ਹਾਂ ਸਹਿਕਾਰੀ ਸਭਾਵਾਂ ਅਤੇ ਕਿਸਾਨ ਉਤਪਾਦਕ ਸੰਸਥਾਵਾਂ ਰਾਹੀਂ ਕਿਸਾਨ ਆਪਣੀ ਉਪਜ ਦਾ ਵਾਜਬ (ਸਮੂਹਿਕ-ਸੌਦੇਬਾਜ਼ੀ-ਸ਼ਕਤੀ ਰਾਹੀਂ) ਭਾਅ ਵੀ ਲੈ ਸਕਣਗੇ । ਉਤਪਾਦਨ ਅਤੇ ਨਿਰਯਾਤ ਵਸਤਾਂ ਦੀਆਂ ਸਟੋਰ ਕਰਨ ਅਤੇ ਮੰਡੀਕਰਨ ਦੀਆਂ ਲਾਗਤਾਂ ਵੀ ਘਟ ਜਾਣਗੀਆਂ । ਓਵਰਹੈੱਡ ਖਰਚੇ ਵੀ ਘਟਣਗੇ, ਨੌਜਵਾਨਾਂ ਨੂੰ ਪਸੰਦ ਦਾ ਰੁਜ਼ਗਾਰ ਵੀ ਮਿਲ ਸਕੇਗਾ ਅਤੇ ਫਸਲੀ ਵਿਭਿੰਨਤਾ ਦੇ ਨਾਲ-ਨਾਲ ਸਮੁੱਚੀ ਪੇਂਡੂ ਆਰਥਿਕਤਾ ਵੀ ਮਜ਼ਬੂਤ ਹੋਵੇਗੀ । ਇਸ 'ਚ ਮਿਲਕਫੈੱਡ, ਮਾਰਕਫੈੱਡ, ਸ਼ੂਗਰਫੈੱਡ ਅਤੇ ਹੋਰ ਸਾਰੇ ਸਹਿਕਾਰੀ ਅਦਾਰਿਆਂ 'ਚ ਵੀ ਵਿਭਿੰਨਤਾ ਲਿਆਉਣ ਦੀ ਲੋੜ ਹੈ । ਇਨ੍ਹਾਂ ਸਾਰਿਆਂ ਅਦਾਰਿਆਂ ਤਾਕਤਾਂ, ਕਮਜ਼ੋਰੀਆਂ ਅਤੇ ਚੁਣੌਤੀਆਂ ਦਾ ਵਿਸ਼ਲੇਸ਼ਣ ਕਰਕੇ 'ਬਿਜ਼ਨੈੱਸ ਮਾਡਲ' ਤਿਆਰ ਕਰਕੇ ਕੰਮ ਕਰਨ ਦੀ ਜ਼ਰੂਰਤ ਹੈ, ਕਿਉਂਕਿ ਆਮ ਸਰਕਾਰੀ ਅਦਾਰਿਆਂ ਵਾਂਗ ਜਿਨ੍ਹਾਂ 'ਚ ਕੰਮ-ਸੱਭਿਆਚਾਰ ਦਿਨ-ਬਦਿਨ ਨਿੱਘਰ ਰਿਹਾ ਹੈ ।

ਸਹਿਕਾਰਤਾ ਵਿਭਾਗ, ਖੇਤੀਬਾੜੀ ਅਤੇ ਵੈਟਰਨਰੀ ਯੂਨੀਵਰਸਿਟੀਆਂ ਵਿਚਕਾਰ ਪੁਖਤਾ ਤਾਲਮੇਲ ਬਣਾ ਕੇ ਪੰਜਾਬ ਦੀ ਖੇਤੀ ਅਤੇ ਪੇਂਡੂ ਆਰਥਿਕਤਾ ਨੂੰ ਮਜ਼ਬੂਤ ਕਰਨ ਦੀ ਲੋੜ ਹੈ । ਸਹਿਕਾਰਤਾ ਲਹਿਰ, ਸਹਿਕਾਰੀ ਸਭਾਵਾਂ ਅਤੇ ਫਾਰਮਰਜ਼-ਪ੍ਰੋਡਿਊਸਰ ਸੰਸਥਾਵਾਂ ਨੂੰ ਮਜ਼ਬੂਤ ਕਰਨ ਲਈ ਸਹਿਕਾਰਤਾ ਵਿਭਾਗ ਨੂੰ ਨੋਡਲ ਏਜੰਸੀ ਦਾ ਦਰਜਾ ਦੇ ਕੇ ਇਸ ਦੀ ਸਮਰੱਥਾ, ਜਵਾਬਦੇਹੀ ਅਤੇ ਪਾਰਦਰਸ਼ਤਾ ਵਧਾਉਣ ਦੀ ਲੋੜ ਹੈ । ਅਫਸਰਾਂ ਅਤੇ ਕਰਮਚਾਰੀਆਂ ਨੂੰ ਆਪਣੇ ਆਪਣੇ ਸੁੱਖ-ਆਰਾਮ ਵਿਚੋਂ ਬਾਹਰ ਨਿਕਲ ਕੇ ਫੀਲਡ ਅਤੇ ਪਿੰਡਾਂ ਵਿਚ ਜਾਣਾ ਪਵੇਗਾ । ਕੇਵਲ ਮੀਟਿੰਗਾਂ ਅਤੇ ਫਾਈਲਾਂ ਦਾ ਢਿੱਡ ਭਰ ਕੇ ਲੋੜੀਂਦੇ ਨਤੀਜੇ ਨਹੀਂ ਮਿਲਣੇ । ਚੁਣੇ ਹੋਏ ਨੁਮਾਇੰਦਿਆਂ ਨੂੰ ਵੀ ਭੋਗਾਂ-ਵਿਆਹਾਂ ਦੀ ਬਜਾਏ ਜ਼ਿਆਦਾ ਵਕਤ ਵਿਕਾਸ-ਪੱਖੀ ਨੀਤੀਆਂ ਬਣਾਉਣ ਅਤੇ ਲਾਗੂ ਕਰਨ 'ਤੇ ਲਾਉਣਾ ਚਾਹੀਦਾ ਹੈ ਤਾਂ ਕਿ ਲੋਕਾਂ ਦੀ ਸਮਾਜਿਕ, ਸੱਭਿਆਚਾਰ ਅਤੇ ਆਰਥਿਕ ਸਥਿਤੀ 'ਚ ਸੁਧਾਰ ਲਿਆਂਦਾ ਜਾ ਸਕੇ । ਸਾਰੀਆਂ ਸਿਆਸੀ ਪਾਰਟੀਆਂ ਨੂੰ ਇਹ ਸਮਝ ਲੈਣਾ ਚਾਹੀਦਾ ਹੈ ਕਿ ਉਨ੍ਹਾਂ ਦੀ ਹੋਂਦ ਪੰਜਾਬ ਦੀ ਹੋਣੀ ਨਾਲ ਬੱਝੀ ਹੋਈ ਹੈ ਅਤੇ ਜੇ ਪੰਜਾਬ ਦੀ ਹੋਂਦ ਖਤਰੇ 'ਚ ਹੈ (ਜੋ ਅੱਜਕੱਲ੍ਹ ਹੈ) ਤਾਂ ਉਨ੍ਹਾਂ ਦੀ ਹੋਂਦ ਨੂੰ ਖਤਰੇ ਤੋਂ ਕੋਈ ਨਹੀਂ ਬਚਾਅ ਸਕਦਾ । ਪੰਜਾਬ ਨੂੰ ਠੀਕ ਲੀਹਾਂ 'ਤੇ ਤੋਰਨ ਅਤੇ ਰਹਿਣਯੋਗ ਬਣਾਉਣ ਲਈ ਸਭ ਤੋਂ ਪਹਿਲੀ ਜ਼ਿੰਮੇਵਾਰੀ ਚੁਣੇ ਹੋਏ ਨੇਤਾਵਾਂ ਅਤੇ ਸਾਰੀਆਂ ਪਾਰਟੀਆਂ ਦੀ ਹੈ । ਅਫਸਰਸ਼ਾਹੀ ਅਤੇ ਸਿਵਲ ਸੁਸਾਇਟੀ ਨੂੰ ਵੀ ਇਸ ਸੰਬੰਧੀ ਆਪਣੀ-ਆਪਣੀ ਜ਼ਿੰਮੇਵਾਰੀ ਸਮਝਣ ਅਤੇ ਨਿਭਾਉਣ ਦੀ ਜ਼ਰੂਰਤ ਹੈ ।

ਸਹਿਕਾਰਤਾ ਵਿਭਾਗ ਅਤੇ ਸਹਿਕਾਰੀ ਸਭਾਵਾਂ ਨੂੰ ਚੁਸਤ-ਦਰੁਸਤ ਕਰਨ ਲਈ ਜ਼ਰੂਰੀ ਹੈ ਕਿ (i) ਸਹਿਕਾਰਤਾ ਲਹਿਰ ਨੂੰ ਮਿਸ਼ਨ ਦੇ ਤੌਰ 'ਤੇ ਚਲਾਇਆ ਜਾਵੇ ; (ii) ਚੋਣ-ਪ੍ਰਕਿਰਿਆ ਨਿਰਪੱਖ ਅਤੇ ਪਾਰਦਰਸ਼ੀ (ਸਰਕਾਰੀ-ਤੰਤਰ ਤੋਂ ਮੁਕਤ) ਢੰਗ ਨਾਲ ਕਰਵਾਈ ਜਾਵੇ ਅਤੇ ਕੰਮਕਾਜ ਲੋਕਤੰਤਰੀ ਢੰਗ ਨਾਲ ਚਲਾਇਆ ਜਾਵੇ; (iii) ਅਫਸਰਸ਼ਾਹੀ, ਐਮ.ਐਲ. ਏ., ਮੰਤਰੀਆਂ ਅਤੇ ਹਲਕਾ-ਇੰਚਾਰਜਾਂ ਦਾ ਬੇਲੋੜਾ ਦਖਲ ਘਟਾ ਕੇ ਮੈਂਬਰਾਂ 'ਚੋ ਚੁਣੇ ਹੋਏ ਨੁਮਾਇੰਦਿਆਂ ਦੀ ਭੂਮਿਕਾ ਵਧਾਈ ਜਾਵੇ ; (iv) ਮੈਂਬਰਾਂ ਦੇ ਸਰਕਾਰੀ ਤੰਤਰ 'ਚ ਵਿਸ਼ਵਾਸ ਦੀ ਘਾਟ ਦੇ ਮੱਦੇਨਜ਼ਰ ਸਿਸਟਮ ਦੀ ਭਰੋਸੇਯੋਗਤਾ ਨੂੰ ਵਧਾਇਆ ਜਾਵੇ ; (v) ਵਿੱਤੀ ਸਾਧਨਾਂ ਨੂੰ ਬਹੁਤ ਹੀ ਪਾਰਦਰਸ਼ੀ ਢੰਗ ਨਾਲ ਵਰਤਿਆ ਜਾਵੇ ਅਤੇ ਰਿਸ਼ਵਤਖੋਰੀ ਨੂੰ ਖਤਮ ਕੀਤਾ ਜਾਵੇ, (vi) ਸਾਰੀਆਂ ਸਕੀਮਾਂ ਦੀ ਕਾਰਗੁਜ਼ਾਰੀ ਦਾ ਮੁਲਾਂਕਣ ਕਿਸੇ ਤੀਜੀ ਧਿਰ (ਜਿਵੇਂ ਖੋਜ ਸੰਸਥਾਵਾਂ ਅਤੇ ਯੂਨੀਵਰਸਿਟੀਆਂ) ਕੋਲੋਂ ਕਰਵਾਇਆ ਜਾਵੇ ਤਾਂ ਕਿ ਸਮੁੱਚੀ ਸਹਿਕਾਰਤਾ ਲਹਿਰ ਨੂੰ ਵੱਧ ਕਾਰਜ ਕੁਸ਼ਲ ਬਣਾਇਆ ਜਾ ਸਕੇ । (vii) ਪ੍ਰੋਸੈਸਿੰਗ ਕਰ ਰਹੀਆਂ ਸਭਾਵਾਂ ਵਾਸਤੇ (ਜ਼ਿਲਾ, ਤਹਿਸੀਲ ਅਤੇ ਬਲਾਕ ਪੱਧਰ 'ਤੇ ਵਿੱਕਰੀ ਪਲੇਟਫਾਰਮਾਂ (outlets) ਦੀ ਸੁਵਿਧਾ ਦੇਣ ਲਈ ਬੁਨਿਆਦੀ ਢਾਂਚਾ ਮੁਹੱਈਆ ਕੀਤਾ ਜਾਵੇ ਤਾਂ ਕਿ ਇਨ੍ਹਾਂ ਸੁਸਾਇਟੀਆਂ ਦੁਆਰਾ ਤਿਆਰ ਮਾਲ ਨੂੰ ਵਾਜਬ ਕੀਮਤਾਂ 'ਤੇ ਵੇਚ ਕੇ ਉਤਪਾਦਕਾਂ ਦੀ ਆਮਦਨ ਵਧਾਈ ਜਾਵੇ ਅਤੇ ਉਪਭੋਗੀਆਂ ਨੂੰ ਸ਼ੁੱਧ ਵਸਤਾਂ ਵਾਜਬ ਕੀਮਤਾਂ 'ਤੇ ਮਿਲ ਸਕਣ । ਇਸ ਲਈ ਖੇਤਰ ਦੀ ਉੱਨਤੀ ਅਤੇ ਫਸਲੀ ਵਿਭਿੰਨਤਾ ਲਈ ਜ਼ਰੂਰੀ ਹੈ ਕਿ ਖੇਤੀ ਖੇਤਰ (ਉਤਪਾਦਨ, ਪ੍ਰੋਸੈਸਿੰਗ ਅਤੇ ਮੰਡੀਕਰਨ) ਨਾਲ ਸੰਬੰਧਿਤ ਸਹਿਕਾਰੀ ਸਭਾਵਾਂ ਦੀ ਗਿਣਤੀ ਵਧਾਈ ਜਾਵੇ ।



ਡਾ. ਅਮਨਪ੍ਰੀਤ ਸਿੰਘ ਬਰਾੜ
ਐਸੋਸੀਏਟ ਪ੍ਰੋਫੈਸਰ ਬਿਜ਼ਨਸ ਮੈਨੇਜਮੈਂਟ, ਗੁਰੂ ਨਾਨਕ ਇੰਸਟੀਚਿਊਟ ਆਫ ਮੈਨੇਜਮੈਂਟ ਐਂਡ ਟੈਕਨਾਲੋਜੀ, ਲੁਧਿਆਣਾ
ਮੋ. 96537-90000

# ਐਮ ਐਸ ਪੀ ਦਾ ਫਾਇਦਾ ਸਾਰੇ ਪੰਜਾਬੀਆਂ ਨੂੰ

ਜਦੋਂ ਵੀ ਕਿਸੇ ਕਿਸਾਨ ਸੰਗਠਨਾਂ ਨੇ ਐਮ ਐਸ ਪੀ ਦਾ ਮੁੱਦਾ ਚੱਕਿਆ ਹੈ ਸਾਡੇ ਕੁਝ ਅਰਥ ਸ਼ਾਸਤਰੀਆਂ ਨੇ ਕਿਸਾਨਾਂ ਦੇ ਉਲਟ ਭੁਗਤਣ ਤੋਂ ਗੁਰੇਜ਼ ਨਹੀਂ ਕੀਤਾ ਅਤੇ ਸੰਗਠਨਾਂ ਨੂੰ ਛੋਟੇ ਵੱਡੇ ਕਿਸਾਨਾਂ ਵਿਚ ਵੰਡਣ ਦਾ ਯਤਨ ਕੀਤਾ ਹੈ । ਤਰਕ ਇਹ ਦਿੱਤਾ ਜਾਂਦਾ ਹੈ ਕਿ ਸੂਬੇ (ਪੰਜਾਬ) ਵਿਚ 86 ਫੀਸਦੀ ਕਿਸਾਨ ਬਹੁਤ ਛੋਟੇ ਹਨ, ਜਿਹਨਾਂ ਦਾ ਆਪਣਾ ਹੀ ਗੁਜ਼ਾਰਾ ਨਹੀਂ ਹੁੰਦਾ ਹੈ ਅਤੇ ਉਹਨਾਂ ਕੋਲ ਮੰਡੀ ਵਿਚ ਵੇਚਣ ਲਈ ਕੁਝ ਵੀ ਨਹੀਂ । ਏਸੇ ਤਰ੍ਹਾਂ ਸਬਸਿਡੀ ਦੀ ਗੱਲ ਆਉਂਦੀ ਹੈ ਤਾਂ ਉਦੋਂ ਵੀ ਇਹੋ ਤਰਕ ਦਿੱਤਾ ਜਾਂਦਾ ਹੈ ਕਿ ਸਬਸਿਡੀ ਤਾਂ ਵੱਡੇ ਕਿਸਾਨ ਹੀ ਖਾਈ ਜਾਂਦੇ ਹਨ ਛੋਟਿਆਂ ਨੂੰ ਇਸ ਦਾ ਲਾਭ ਨਹੀਂ ਹੁੰਦਾ ਸ਼ਹਿਰੀ ਅਰਥਸ਼ਾਸਤਰੀ ਜਿਨ੍ਹਾਂ ਨੂੰ ਪਿੰਡਾਂ ਵਿਚਲੀ ਅਸਲ ਸਥਿਤੀ ਦਾ ਪਤਾ ਨਹੀਂ ਹੁੰਦਾ ਉਨ੍ਹਾਂ ਨੇ ਤਾਂ ਕਾਰਪੋਰੇਟ ਅਤੇ ਸਰਕਾਰ ਦਾ ਪੱਖ ਪੂਰਨ ਲਈ ਇਹੋ ਜਿਹਾ ਪ੍ਰਚਾਰ ਕਰਨਾ ਹੀ ਹੈ ਪਰ ਅਫਸੋਸ ਉਦੋਂ ਹੁੰਦਾ ਹੈ ਕਿ ਜਦੋਂ ਕਿਸਾਨ ਪਰਿਵਾਰਾਂ ਅਤੇ ਪਿੰਡਾਂ ਵਿੱਚੋਂ ਉੱਠ ਕੇ ਆਏ ਆਪਣੇ ਆਪ ਨੂੰ ਕਿਸਾਨ ਹਿਤੈਸ਼ੀ ਕਹਾਉਣ ਵਾਲੇ ਅਰਥ ਸ਼ਾਸ਼ਤਰੀ ਵੀ ਇਹੋ ਜਿਹੀਆਂ ਹੈਰਾਨ ਕਰਨ ਵਾਲੀਆਂ ਗੱਲਾਂ ਕਰਦੇ ਹਨ ।

ਜਿੱਥੋਂ ਤੱਕ ਵੱਡੇ ਕਿਸਾਨਾਂ ਦੀ ਗੱਲ ਹੈ ਕਾਨੂੰਨ ਦੇ ਹਿਸਾਬ ਨਾਲ ਪੰਜਾਬ ਵਿਚ ਕੋਈ ਵੱਡਾ ਕਿਸਾਨ ਹੈ ਹੀ ਨਹੀਂ ਕਿਉਕਿ ਪੰਜਾਬ ਵਿਚ ਦੋ ਵਾਰ ਲੈਂਡ ਸੀਲਿੰਗ ਐਕਟ ਬਣਾਇਆ ਗਿਆ ਅਤੇ ਲਾਗੂ ਕੀਤਾ ਗਿਆ । ਪਹਿਲਾ ਲੈਂਡ ਸੀਲਿੰਗ ਐਕਸ ਸੰਨ 1953 ਵਿਚ ਬਣਾਇਆ ਗਿਆ ਜਿਸ ਮੁਤਾਬਕ ਕੋਈ ਵੀ ਕਿਸਾਨ ਸਾਲ ਵਿਚ ਦੋ ਫਸਲਾਂ ਉਗਾਉਣ ਵਾਲੀ ਜ਼ਮੀਨ 12 ਹੈਕਟੇਅਰ ਤੋਂ ਵੱਧ ਨਹੀਂ ਰੱਖ ਸਕਦਾ । ਫਿਰ ਜਦੋਂ 1965-66 ਵਿਚ ਪੰਜਾਬ ਵਿਚ ਹਰੀ ਕ੍ਰਾਂਤੀ ਨੇ ਜਨਮ ਲਿਆ ਅਤੇ ਜਵਾਨੀ ਵੱਲ ਵੱਧਣ ਲੱਗੀ ਤਾਂ 1972 ਵਿਚ ਫਿਰ ਇਕ ਕਾਨੂੰਨ ਲਿਆਂਦਾ ਜਿਸ ਮੁਤਾਬਕ ਜ਼ਮੀਨ ਦੀ ਹੱਦ 12 ਹੈਕਟੇਅਰ ਤੋਂ ਘਟਾ ਕੇ 7 ਹੈਕਟੇਅਰ



ਪ੍ਰਤੀ ਪਰਿਵਾਰ ਮਿੱਥ ਦਿੱਤੀ ਗਈ । ਅੱਜ ਉਹ ਕਾਨੂੰਨ ਲਾਗੂ ਹੋਏ ਨੂੰ 51 ਸਾਲ ਹੋ ਗਏ ਹਨ ਭਾਵ ਦੋ ਪੀੜ੍ਹੀਆਂ ਲੰਘ ਗਈਆਂ ਹਨ । ਇਹੋ ਜਿਹੇ ਹਾਲਾਤਾਂ ਵਿਚ ਵੱਡੇ ਕਿਸਾਨ ਕਿੰਨੇ ਅਤੇ ਕਿੱਥੇ ਰਹਿ ਗਏ । ਜਿਹੜੇ ਨਜ਼ਰ ਆਉਂਦੇ ਹਨ ਉਹ ਕਿਸਾਨ ਨਹੀਂ ਸਿਆਸਤਦਾਨ ਅਤੇ ਕਾਰੋਬਾਰੀ ਹਨ ।

ਹੁਣ ਗੱਲ ਕਰਦੇ ਹਾਂ ਛੋਟੇ ਵੱਡੇ ਕਿਸਾਨ ਕਿਹਨਾਂ ਅੰਕੜਿਆਂ ਅਨੁਸਾਰ ਵੰਡੇ ਜਾਂਦੇ ਹਨ 1.0 ਹੈਕਟੇਅਰ ਤੋਂ ਘੱਟ ਬਹੁਤ ਛੋਟਾ ਜੋ ਕਿਸਾਨ ਹਾਸ਼ੀਏ ਤੇ ਹੈ । ਇੱਕ ਤੋਂ 2 ਹੈਕਟੇਅਰ ਵਾਲੇ ਛੋਟਾ ਕਿਸਾਨ ; 2-4 ਹੈਕਟ: ਛੋਟਾ ਮੱਧ ਵਰਗ, 4 ਤੋਂ 10 ਹੈਕ: ਮੱਧ ਵਰਗ ਅਤੇ 10 ਹੈਕਟੇਅਰ ਤੋਂ ਵੱਧ ਵਾਲਾ ਵੱਡਾ ਕਿਸਾਨ । ਇਹ ਵੰਡ ਪ੍ਰਤੀ ਜੋਤਾਂ ਦੀ ਹੈ ਯਾਨੀ ਤਕਰੀਬਨ ਐਨੇ ਪਰਿਵਾਰ ਸਾਂਝੀ ਵਾਹੀ ਕਰਦੇ ਹਨ । ਇਕ ਫਾਰਮ ਦੇ ਕਈ ਹਿੱਸੇਦਾਰ ਵੀ ਹੋ ਸਕਦੇ ਹਨ । ਮੇਰਾ ਕਹਿਣ ਦਾ ਭਾਵ ਹੈ ਜਿਹੜਾ 10 ਹੈਕਟੇਅਰ ਤੋਂ ਵੱਧ ਵਾਲਾ ਫਾਰਮ ਹੈ ਉਸ ਦੇ ਹਿੱਸੇਦਾਰ ਇਕ ਤੋਂ ਵੱਧ ਵੀ ਹੋ ਸਕਦੇ ਹਨ । ਹੁਣ ਗੱਲ ਆਉਂਦੀ ਹੈ ਉਪਰੋਕਤ ਵੰਡ ਦੇ ਹਿਸਾਬ ਨਾਲ ਕਿੰਨੇ ਪ੍ਰਤੀਸ਼ਤ ਕਿਸਾਨ ਕਿਸ ਸ਼੍ਰੇਣੀ ਵਿਚ ਆਉਂਦੇ ਹਨ ਅਤੇ ਉਸ ਸ਼੍ਰੇਣੀ ਵਿਚ ਕਿੰਨੇ ਪ੍ਰਤੀਸ਼ਤ ਜ਼ਮੀਨ ਆਉਂਦੀ ਹੈ ।

ਸਾਰਣੀ ਵਿਚ ਜੋ ਅੰਕੜੇ ਦਿੱਤੇ ਗਏ ਹਨ ਉਨ੍ਹਾਂ ਮੁਤਾਬਕ ਇਕ ਲੱਖ ਚਰਵੰਜਾ ਹਜ਼ਾਰ ਕਿਸਾਨ ਉਹ ਹਨ ਜਿਨ੍ਹਾਂ ਕੋਲ ਜ਼ਮੀਨ ਢਾਈ ਏਕੜ ਤੋਂ ਘੱਟ ਹੈ ਜੋ ਹਰੇਕ ਕਿਸਾਨ ਕੋਲ ਔਸਤ ਸਵਾ ਏਕੜ ਆਉਂਦੀ ਹੈ । ਆਪਾਂ ਇਹ ਮੰਨ ਸਕਦੇ ਹਾਂ ਕਿ ਇਹ ਕਿਸਾਨ ਜੋ ਵੀ ਬੀਜਦਾ ਹੈ ਉਹ ਉਪਜ ਘਰ ਵਿਚ ਹੀ ਖਪਤ ਹੋ ਜਾਂਦੀ ਹੈ ਪਰ ਅਕਸਰ ਅਮਲੀ ਤੌਰ ਕੇ ਇਸ ਤਰ੍ਹਾਂ ਹੁੰਦਾ ਨਹੀਂ । ਕਿਸਾਨ ਆਪਣੀ ਆਮਦਨ ਵਧਾਉਣ ਲਈ ਜਾਂ ਡੇਅਰੀ ਦਾ ਧੰਦਾ ਸ਼ੁਰੂ ਕਰੇਗਾ ਜਾਂ ਸਬਜ਼ੀਆਂ ਬੀਜੇਗਾ ਦੋਨੋਂ ਪਾਸੇ ਹੀ ਉਸ ਨੂੰ ਘਰੇਲੂ ਜ਼ਰੂਰਤਾਂ ਪੂਰੀਆਂ ਕਰਨ ਲਈ ਮੰਡੀ ਵਿਚ ਕੁਝ ਨਾ ਕੁਝ ਵੇਚਣਾ ਹੀ ਪੈਣਾ ਹੈ ਭਾਵੇਂ ਦੁੱਧ ਵੇਚੇ ਭਾਵੇਂ ਦੁੱਧ ਵੇਚੇ ਭਾਵੇਂ ਸਬਜ਼ੀ/ਸ਼ਹਿਦ ਆਦਿ । ਹਰ ਵਸਤੂ ਲਈ ਵਾਜਬ ਭਾਅ ਮਿਲਣਾ ਚਾਹੀਦਾ ਹੈ ਜਿਸਨੂੰ ਐਮ ਐਸ ਪੀ ਕਹਿੰਦੇ ਹਨ । ਪੰਜਾਬ ਵਿਚ ਤਕਰੀਬਨ 74 ਲੱਖ ਬਿਜਲੀ ਦੇ ਕੁਨੈਕਸ਼ਨ ਹਨ ਅਤੇ 40.68 ਲੱਖ ਪਰਿਵਾਰਾਂ ਨੂੰ ਸਸਤਾ/ਮੁਫਤ ਰਾਸ਼ਨ ਮਿਲਦਾ ਹੈ ਜਿਸ ਵਿਚ ਉਪਰੋਕਤ ਪਰਿਵਾਰ ਵੀ ਆਉਂਦੇ ਹਨ । ਜੇ ਖਾਣ ਨੂੰ ਅਨਾਜ ਮੁਫਤ ਜਾਂ ਸਸਤਾ ਮਿਲ ਗਿਆ ਤਾਂ ਜੋ ਖੇਤ ਵਿਚੋਂ ਪੈਦਾ ਕੀਤਾ ਉਸ ਦਾ ਬਹੁਤਾ ਹਿੱਸਾ ਮੰਡੀ ਵਿਚ ਹੀ ਵੇਚਿਆ ਜਾਵੇਗਾ ।

ਇਸ ਤੋਂ ਉੱਪਰ ਦੋ ਲੱਖ ਸੱਤ ਹਜ਼ਾਰ ਪਰਿਵਾਰ ਇਹੋ ਜਿਹੇ ਹਨ ਜਿਹੜੇ 2.5 ਏਕੜ ਤੋਂ 5 ਏਕੜ ਤੱਕ ਜ਼ਮੀਨਾਂ ਦੀ ਵਾਹੀ ਕਰਦੇ ਹਨ । ਇਨ੍ਹਾਂ ਵਿਚੋਂ ਹੀ ਕੁਝ ਪਰਿਵਾਰ ਇਹੋ ਜਿਹੇ ਹਨ ਜਿਹੜੇ ਕੁਝ ਜ਼ਮੀਨ ਹਿੱਸੇ-ਠੇਕੇ ਤੋਂ ਲੈ ਕੇ ਵਾਹੁੰਦੇ ਹਨ । ਇਨ੍ਹਾਂ ਵਿਚੋਂ ਬਹੁਤਿਆਂ ਕੋਲ ਮੰਡੀ ਵਿਚ ਵੇਚਣ ਲਈ ਕਣਕ -ਝੋਨਾ ਵੀ ਹੈ । ਜਿਸ ਦਾ ਪਰਮਾਣ ਇਸ ਗੱਲ ਤੋਂ ਮਿਲਦਾ ਹੈ ਕਿ ਕੇਂਦਰ ਸਰਕਾਰ ਦੀ ਕਿਸਾਨ ਸਮਾਨ ਨਿੱਧੀ ਸਕੀਮ ਤਿਸ ਤਹਿਤ ਹਰ ਚਾਰ ਮਹੀਨੇ ਬਾਦ ਪੰਜ ਏਕੜ ਤੋਂ ਘੱਟ ਜ਼ਮੀਨ ਵਾਲੇ ਕਿਸਾਨ ਦੇ ਖਾਤੇ ਵਿਚ 2000 ਰੁਪਏ ਪਾਏ ਜਾਂਦੇ ਹਨ । ਜਿਹੜੀ ਪਹਿਲੀ ਕਿਸ਼ਤ ਪੰਜਾਬ ਵਿਚ ਦਿੱਤੀ ਗਈ ਸੀ ਉਹ 17.07 ਲੱਖ ਕਿਸਾਨਾਂ ਨੂੰ ਦਿੱਤੀ ਗਈ । ਜਿਸਦਾ ਮਤਲਬ ਇਹ ਹੋਇਆ ਕਿ ਪੰਜਾਬ ਵਿਚ 17.07 ਲੱਖ ਵਿਅਕਤੀਆਂ ਕੋਲ ਪੰਜ ਏਕੜ ਜਾਂ ਉਸ ਤੋਂ ਘੱਟ ਜ਼ਮੀਨ ਹੈ । ਜਦੋਂ ਤੋਂ ਸਰਕਾਰੀ ਖਰੀਦ ਦੀ ਪੇਮੈਂਟ ਕਿਸਾਨ ਦੇ ਖਾਤੇ ਵਿਚ ਸਿੱਧੀ ਜਾਣੀ ਸ਼ੁਰੂ ਹੋਈ ਹੈ ਉਦੋਂ ਤੋਂ ਇਹ ਸੰਖਿਆ ਘੱਟ ਕੇ 9.33 ਲੱਖ ਰਹਿ ਗਈ ।

ਇਸ ਤੋਂ ਅੱਗੇ 3,67,938 (33.7%) ਪਰਿਵਾਰ 2-4 ਹੈਕਟੇਅਰ ਭਾਵ 5 ਤੋਂ 10 ਏਕੜ ਵਿਚਕਾਰ ਆਉਂਦੇ ਹਨ । 28 ਪ੍ਰਤੀਸ਼ਤ 4 ਤੋਂ 10 ਹੈਕਟੇਅਰ ਭਾਵ 10 ਤੋਂ 25 ਏਕੜ ਅਤੇ 5.3 ਫੀਸਦੀ 10 ਹੈਕਟੇਅਰ ਭਾਅ 25 ਏਕੜ ਤੋਂ ਉਪਰ ਵਾਲੇ । ਪੰਜਾਬ ਵਿਚ ਮਾਲ ਵਿਭਾਗ ਦੇ ਰਿਕਾਰਡ ਦੇ ਵਿਚ ਕੁੱਲ ਕਿੰਨੇ ਕਿਸਾਨ ਹਨ ਇਸ ਦਾ ਅੰਕੜਾ ਸਰਕਾਰ ਦੀ ਕਿਸੇ ਸਾਈਟ ਤੋਂ ਮਿਲ ਨਹੀਂ ਰਿਹਾ ਕਿਉਕਿ 5 ਏਕੜ ਤੋਂ ਹੇਠਾਂ ਵਾਲੇ ਕਿਸਾਨ 17 ਲੱਖ ਹਨ ਜਦਕਿ 2 ਹੈਕਟੇਅਰ ਤੋਂ ਘੱਟ ਵਾਲੇ ਖੇਤੀ ਪਰਿਵਾਰਾਂ (ਜੋਤਾਂ) ਦੀ ਗਿਣਤੀ 3.88 ਲੱਖ ਬਣਦੀ ਹੈ ਇਸ ਦਾ ਮਤਲਬ ਕੁੱਲ ਕਿਸਾਨਾਂ ਦੀ ਗਿਣਤੀ ਘੱਟੋ ਘੱਟ 22 ਲੱਖ ਤੋਂ ਵੱਧ ਹੋਵੇਗੀ (10.91 ਲੱਖ ਜੋਤਾਂ) । ਉੱਧਰ ਪੰਜਾਬ ਖੇਤੀਬਾੜੀ ਯੂਨੀਵਰਸਿਟੀ ਨੇ ਸਾਲ 2000 ਦੇ ਆਸ ਪਾਸ ਇਕ ਅੰਕੜਾ ਦਿੱਤਾ ਸੀ ਕਿ ਚਾਰ ਹੈਕਟੇਅਰ ਜ਼ਮੀਨ ਵਿਚੋਂ ਆਮਦਨ ਸਰਕਾਰ ਦੇ ਦਰਜਾ ਚਾਰ ਮੁਲਾਜ਼ਮ ਦੀ ਤਨਖਾਹ ਦੇ ਬਰਾਬਰ ਹੀ ਨਿਕਲਦੀ ਹੈ ਭਾਵ ਜਿਹੜੇ ਪਰਿਵਾਰਾਂ / ਕਿਸਾਨਾਂ ਕੋਲ 10 ਏਕੜ ਤੋਂ ਘੱਟ ਜ਼ਮੀਨ ਹੈ ਉਨ੍ਹਾਂ ਦੀ ਆਮਦਨ ਦਰਜਾ ਚਾਰ ਮੁਲਾਜ਼ਮ ਦੀ ਸਲਾਨਾ ਤਨਖਾਹ ਤੋਂ ਘੱਟ ਹੈ । ਇਸ ਦਾ ਮਤਲਬ ਸਾਡੇ 67 ਫੀਸਦੀ ਕਿਸਾਨ: ਦੀ ਆਮਦਨ ਖੇਤੀ ਵਿਚੋਂ ਦਰਜਾ ਚਾਰ ਕਰਮਚਾਰੀਆਂ ਦੇ ਬਰਾਬਰ ਜਾਂ ਉਹਨਾਂ ਨਾਲੋਂ ਘੱਟ ਹੈ ।

| ਸਾਰਣੀ : ਜ਼ਮੀਨ ਅਨੁਸਾਰ ਜੋਤਾਂ (ਹੋਲਡਿੰਗ) ਦੀ ਵੰਡ | | | | |
|---|---|---|---|---|
| ਰਕਬਾ (ਹੈਕਟੇਅਰ) | ਔਸਤ ਜ਼ਮੀਨ | ਕਿਸਾਨਾਂ ਦੀ ਗਿਣਤੀ | | ਕੁੱਲ ਜ਼ਮੀਨ ਦਾ (ਪ੍ਰਤੀਸ਼ਤ) |
| | | ਨੰਬਰ | ਪ੍ਰਤੀਸ਼ਤ | |
| 1.0 | 0.5 | 1544 12 | 14.14 | 2.0 |
| 1.0-2.0 | 1.5 | 207436 | 19.00 | 7.7 |
| 2.0-4.0 | 3.0 | 367938 | 33.70 | 27 |
| 4.0-10.0 | 7.0 | 305220 | 27.90 | 50 |
| 10.0 | 12.0 | 57707 | 5.28 | 13.3 |
| | | 10 9 17 13 | 100.0 | 100 |

## ਮੁੱਦੇ ਦੀ ਗੱਲ

ਹੁਣ ਗੱਲ ਕਰਦੇ ਹਾਂ ਅਸਲੀ ਮੁੱਦੇ ਦੀ ਕਿ ਛੋਟੇ ਕਿਸਾਨਾਂ ਕੋਲ ਵੇਚਣ ਨੂੰ ਕੁਝ ਨਹੀਂ ਇਸ ਲਈ ਉਹਨਾਂ ਨੂੰ ਐਮ ਐਸ ਪੀ ਦਾ ਕੋਈ ਫਾਇਦਾ ਨਹੀਂ ਪਰ ਜਿਸ ਤਰ੍ਹਾਂ ਆਪਾਂ ਉੱਪਰ ਵੇਖਿਆ ਹੈ ਕਿ ਸਿਰਫ 14% ਕਿਸਾਨ (ਇਕ ਹੈਕਟੇਅਰ ਤੋਂ ਘੱਟ) ਹੀ ਹਨ ਜਿਹੜੇ ਕਣਕ, ਝੋਨਾ ਨਾ ਬੀਜਦੇ ਹੋਣ । ਇਹ ਹੀ ਦੋ ਮੁੱਖ ਫਸਲਾਂ ਹਨ ਜਿਹੜੀਆਂ ਐਮ ਐਸ ਪੀ ਤੇ ਸਰਕਾਰ ਖਰੀਦਦੀ ਹੈ । 86 ਪ੍ਰਤੀਸ਼ਤ ਕਿਸਾਨ ਇਹ ਦੋਨੋਂ ਮੁੱਖ ਫਸਲਾਂ ਬੀਜਦੇ ਅਤੇ ਵੇਚਦੇ ਹਨ ਕਿਉਕਿ ਕੁੱਲ ਪੈਦਾਵਾਰ ਦੀ 81 ਫੀਸਦੀ ਕਣਕ ਅਤੇ 94 ਫੀਸਦੀ ਧਾਨ ਮੰਡੀਆਂ ਵਿਚ ਵਿਕਦੇ ਹਨ । ਇਸ ਲਈ ਕਿਸਾਨਾਂ ਵਿਚ ਇਹ ਭਰਮ ਜਾਣ ਬੁੱਝ ਕੇ ਪੈਦਾ ਕੀਤਾ ਜਾ ਰਿਹਾ ਐਮ ਐਸ ਪੀ ਦਾ ਸਿਰਫ ਵੱਡੇ ਕਿਸਾਨਾਂ ਨੂੰ ਹੀ ਫਾਇਦਾ ਨਹੀਂ ਲਾਭ ਜ਼ਮੀਨ ਅਤੇ ਪੈਦਾਵਾਰ ਦੇ ਹਿਸਾਬ ਨਾਲ ਹੋਣਾ ਹੈ ਜੇ ਛੋਟੇ ਕਿਸਾਨ ਨੂੰ ਫਾਇਦਾ ਘੱਟ ਹੈ ਤਾਂ ਇਸ ਦਾ ਮਤਲਬ ਇਹ ਤਾਂ ਨਹੀਂ ਕੱਢਿਆ ਜਾਣਾ ਚਾਹੀਦਾ ਕਿ ਐਮ ਐਸ ਪੀ ਨਾ ਦਿਓ । ਉਦਾਹਰਣ ਦੇ ਤੌਰ ਤੇ ਪੰਜਾਬ ਵਿਚ ਕਣਕ ਦਾ ਔਸਤ ਝਾੜ 20 ਕੁਇੰਟਲ ਪ੍ਰਤੀ ਏਕੜ ਹੈ ਅਤੇ 2275 ਰੁਪਏ ਦੇ ਹਿਸਾਬ ਨਾਲ ਇਕ ਏਕੜ ਦੀ ਕਣਕ 45500 ਦੀ ਵਿਕੀ ਜੇ ਇਹੋ ਐਮ ਐਸ ਪੀ ($C_2$+FL) ਨਾਲ ਭਾਅ ਹੁੰਦਾ ਤਾਂ ਤਕਰੀਬਨ 60000 ਦੀ ਵਿਕਦੀ ਮਤਲਬ ਉਸ ਨੂੰ 14500 ਰੁਪਏ ਵੱਧ ਮਿਲਦੇ ਜਿਸ ਨਾਲ ਉਸਦੀਆਂ ਕਈ ਗਰਜਾਂ ਸਰਨੀਆਂ ਸਨ ਜੇ ਉਹ ਇਹੋ ਸੋਚੀ ਜਾਵੇ ਗੁਆਂਢੀ ਨੇ ਤਾਂ 100 ਕੁਇੰਟਲ ਵੇਚਣੀ ਇਸ ਹਿਸਾਬ ਨਾਲ ਉਸ ਨੂੰ 72500 ਰੁਪਏ ਦਾ ਫਾਇਦਾ ਹੋ ਜਾਊ ਇਸ ਕਰਕੇ ਭਾਅ ਵੱਧ ਨਹੀਂ ਮਿਲਣਾ ਚਾਹੀਦਾ । ਆਪਣੀ ਸਮਰੱਥਾ ਅਨੁਸਾਰ ਹਰ ਇਕ ਨੂੰ ਫਾਇਦਾ ਹੋਵੇਗਾ । ਕਿਸਾਨ ਦੀ ਜੇਬ ਵਿਚ ਪੈਸਾ ਆਉਣ ਨਾਲ ਹਰ ਪੰਜਾਬੀ ਨੂੰ ਫਾਇਦਾ ਹੋਵੇਗਾ । ਕਿਸਾਨ ਨੇ ਪੈਸੇ ਏਥੋਂ ਬਾਹਰ ਨਹੀਂ ਲੈ ਕੇ ਜਾਣੇ ਉਸ ਨੇ ਏਥੇ ਹੀ ਆਪਣੀ ਜ਼ਰੂਰਤ ਦੀਆਂ ਚੀਜ਼ਾਂ ਲੈਣੀਆਂ ਹਨ । ਕਿਸਾਨ ਨੂੰ ਵੱਧ ਪੈਸੇ ਮਿਲਣਗੇ ਤਾਂ ਲੇਬਰ ਨੂੰ ਵੱਧ ਮਿਲਣਗੇ, ਵਪਾਰ ਵਧੇਗਾ । ਵਪਾਰ ਵਧੇਗਾ ਤਾਂ ਇੰਡਸਟਰੀ ਵਧੇਗੀ । ਸਰਕਾਰ ਨੂੰ ਟੈਕਸ ਵੱਧ ਮਿਲੇਗਾ ਜਿਸ ਨਾਲ ਉਹ ਮੁਲਾਜ਼ਮ ਭਰਤੀ ਕਰ ਸਕੇਗੀ ਜਾਂ ਲੋਕਾਂ ਲਈ ਸਹੂਲਤਾਂ ਮੁਹੱਈਆ ਕਰਵਾ ਸਕੇਗੀ । ਪੈਸੇ ਨਾਲ ਹੀ ਦੁਨੀਆਂ ਚਲਦੀ ਹੈ ਜੇ ਬਾਕੀ ਸਭ ਨੂੰ ਪੈਸਾ ਚਾਹੀਦਾ ਹੈ ਤਾਂ ਥੋੜਾ ਕਿਸਾਨਾਂ ਨੂੰ ਵੀ ਦੇ ਦਿਓ । ਇਨ੍ਹਾਂ ਦੀ ਉਪਜ ਨੂੰ ਵੀ ''ਪਰਾਈਸ ਇੰਡੈਕਸ'' ਨਾਲ ਜੋੜ ਦਿਓ । ਕੋਈ ਸਾਲ ਮਿਥ ਲਓ 2000 ਲੈ ਲਓ 2000 ਲੈ ਲਓ । ਮੈਂ ਇਕ ਵਾਰ ਫਿਰ ਪੰਜਾਬ ਦੇ ਅਰਥ ਸ਼ਾਸਤਰੀਆਂ ਨੂੰ ਬੇਨਤੀ ਕਰਦਾ ਹਾਂ ਕਿ ਸਭ ਤੋਂ ਔਖਾ ਕੰਮ ਕਰਨ ਵਾਲੇ ਭਰਾਵਾਂ ਦੀ ਜਿੰਨੀ ਮੱਦਦ ਹੋ ਸਕਦੀ ਹੈ ਕਰੋ । ਮੇਰੀ ਕਿਸਾਨ ਯੂਨੀਅਨਾਂ ਨੂੰ ਵੀ ਬੇਨਤੀ ਹੈ ਕਿ ਜੋ ਮੁੱਦਾ ਉਠਾਉਣਾ ਹੈ ਸਾਰੇ ਇਕੱਠੇ ਹੋ ਕੇ ਸਲਾਹ ਨਾਲ ਚੁੱਕੋ ਇਕੱਲੇ-ਇਕੱਲੇ ਮਸਲੇ ਹੱਲ ਨਹੀਂ ਹੋਣੇ ।

RNI Regd. No. PUNPUN00806

# ਪੀ.ਡੀ.ਐਫ.ਏ. ਦੇ ਤਿੰਨ ਰੋਜ਼ਾ ਦੁੱਧ ਚੁਆਈ ਮੁਕਾਬਲੇ ਨਵੇਂ ਰਿਕਾਰਡ ਦੇ ਨਾਲ ਸਮਾਪਤ

## ਪਾਲੀਆ ਖੁਰਦ ਦੇ ਇਕਬਾਲਜੀਤ ਦੀ ਗਾਂ ਨੇ 24 ਘੰਟਿਆਂ ਵਿੱਚ 4 ਵਾਰ ਵਿੱਚ 66 ਕਿਲੋ ਦੁੱਧ ਦੇ ਕੇ ਜਿੱਤਿਆ ਪਹਿਲਾ ਸਥਾਨ

ਲੁਧਿਆਣਾ-ਫਿਰੋਜ਼ਪੁਰ ਰੋਡ ਸਥਿਤ ਪਸ਼ੂ ਮੰਡੀ ਵਿੱਚ 3 ਰੋਜ਼ਾ ਦੁੱਧ ਚੁਆਈ ਮੁਕਾਬਲੇ ਨਵੇਂ ਰਿਕਾਰਡ ਦੇ ਨਾਲ ਸਮਾਪਤ ਹੋ ਗਏ। ਦੁੱਧ ਚੁਆਈ ਮੁਕਾਬਲਿਆਂ ਵਿੱਚ ਪੰਜਾਬ ਦੇ ਕਈ ਜ਼ਿਲ੍ਹਿਆਂ ਤੋਂ ਪਸ਼ੂ ਹਿੱਸਾ ਲੈਣ ਪਹੁੰਚੇ ਸਨ, ਜਦੋਂ ਕਿ ਹਰਿਆਣਾ ਸਮੇਤ ਕਈ ਹੋਰ ਰਾਜਾਂ ਦੇ ਡੇਅਰੀ ਪਾਲਕ ਵੀ ਆਪਣੇ ਪਸ਼ੂ ਲੈ ਕੇ ਮੇਲੇ ਵਿੱਚ ਪਹੁੰਚੇ। ਪੀ. ਡੀ. ਐਫ. ਏ. ਦੇ ਪ੍ਰਧਾਨ ਦਲਜੀਤ ਸਿੰਘ ਸਦਰਪੁਰ ਨੇ ਵਿਜੇਤਾ ਡੇਅਰੀ ਪਾਲਕਾਂ ਨੂੰ ਇਨਾਮ ਦਿੱਤੇ। ਬੁਲਾਰਿਆਂ ਨੇ ਲੋਕਾਂ ਨੂੰ ਜ਼ਿਆਦਾ ਤੋਂ ਜ਼ਿਆਦਾ ਡੇਅਰੀ ਕਾਰੋਬਾਰ ਵਿੱਚ ਸ਼ਾਮਿਲ ਹੋਣ ਦੀ ਗੱਲ ਕਹੀ। ਮੁਕਾਬਲਿਆਂ ਦੌਰਾਨ ਸਾਹਮਣੇ ਆਏ ਨਤੀਜਿਆਂ ਵਿੱਚ ਪਿੰਡ ਪਾਲੀਆ ਖੁਰਦ ਨਿਵਾਸੀ ਇਕਬਾਲਜੀਤ ਸਿੰਘ ਦੀ ਐਚ. ਐਫ. ਗਾਂ ਨੇ 24 ਘੰਟਿਆਂ ਵਿੱਚ 4 ਵਾਰਾਂ ਵਿੱਚ 65 ਕਿਲੋ 812 ਗ੍ਰਾਮ ਦੁੱਧ ਦੇ ਕੇ ਪਹਿਲਾ ਸਥਾਨ, ਨਵਾਂ ਸ਼ਹਿਰ ਦੇ ਪ੍ਰਿਤਪਾਲ ਸਿੰਘ ਦੀ ਗਾਂ ਨੇ ਦੂਜਾ ਅਤੇ ਚੌਤਰਾ ਪਿੰਡ ਦੇ ਬੁੱਟਰ ਡੇਅਰੀ ਫਾਰਮ ਦੀ ਗਾਂ ਨੇ ਤੀਜਾ ਸਥਾਨ ਪ੍ਰਾਪਤ ਕੀਤਾ। ਐਚ. ਐਫ. ਦੋ ਦੰਦ ਮੁਕਾਬਲਿਆਂ ਵਿੱਚ ਵੀ ਪਹਿਲਾ ਅਤੇ ਦੂਜਾ ਸਥਾਨ ਪਾਲੀਆ ਖੁਰਦ ਅਗਰਦੀਪ ਸਿੰਘ ਅਤੇ ਤਰਨਵੀਰ ਸਿੰਘ ਨੇ ਪ੍ਰਾਪਤ ਕੀਤਾ, ਜਦੋਂਕਿ ਤੀਜਾ ਸਥਾਨ ਹਰਿਆਣਾ ਦੇ ਕਰਨਾਲ ਦੀ ਸੁਸ਼ਮਾ ਡੇਅਰੀ ਫਾਰਮ ਦੀ ਗਾਂ ਨੂੰ ਮਿਲਿਆ। ਜਰਸੀ ਗਾਂ ਮੁਕਾਬਲੇ ਵਿੱਚ ਕਰਨਾਲ










(ਹਰਿਆਣਾ) ਦੇ ਬਲਦੇਵ ਸਿੰਘ ਦੀ ਗਾਂ ਨੇ ਪਹਿਲਾ ਅਤੇ ਦੂਜਾ ਸਥਾਨ ਹਾਸਿਲ ਕੀਤਾ। ਫਿਰੋਜ਼ਪੁਰ ਦੇ ਪਿੰਡ ਲੈਹਰਾ ਬੇਟ ਦੇ ਪ੍ਰਵੀਣ ਸਿੰਘ ਦੀ ਗਾਂ ਨੇ ਤੀਜਾ ਸਥਾਨ ਹਾਸਿਲ ਕੀਤਾ।

### ਮੱਝਾਂ ਦੇ ਮੁਕਾਬਲੇ

ਮੱਝਾਂ ਦੇ ਮੁਕਾਬਲੇ ਵਿੱਚ ਰਾਜੌਲ ਲੁਧਿਆਣਾ ਦੇ ਪਰਮਜੀਤ ਸਿੰਘ ਨੇ ਪਹਿਲਾ, ਛੇਤਰਾ ਪਿੰਡ ਦੇ ਪੰਜਾਬ ਸਿੰਘ ਦੀ ਮੱਝ ਨੇ ਦੂਜਾ ਅਤੇ ਹਰਿਆਣਾ ਦੇ ਪਿੰਡ ਫ੍ਰਾਂਸਵਾਲਾ ਕੇਲ ਅੰਕੁਰ ਸਿੰਘ ਨੇ ਤੀਜਾ ਸਥਾਨ ਪ੍ਰਾਪਤ ਕੀਤਾ। ਉੱਥੇ ਹੀ, ਇਕਬਾਲਜੀਤ ਸਿੰਘ ਨੇ ਦੱਸਿਆ ਕਿ, ਉਨ੍ਹਾਂ ਦਾ ਨਾਭਾ ਦੇ ਪਾਲੀਆ ਖੁਰਦ ਪਿੰਡ ਵਿੱਚ ਓਂਕਾਰ ਡੇਅਰੀ ਫਾਰਮ ਹੈ, ਜਿੱਥੇ ਉਹ ਸਟੇਕਰ ਏ. ਵੀ. ਐਸ. ਕਿਸਮ ਦਾ ਸੀਰਮ ਲੈ ਕੇ ਆਪਣੀ ਗਾਂ ਖੁਦ ਤਿਆਰ ਕਰਦੇ ਹਨ। ਉਨ੍ਹਾਂ ਦੱਸਿਆ ਕਿ ਇਸ ਗਾਂ ਦੀ ਡਾਈਟ ਅਤੇ ਨਿਊਟਰੀਸ਼ਨ ਦਾ ਸਾਰਾ ਧਿਆਨ ਨੂਰਪੁਰ ਹਕੀਮਾਂ ਦੇ ਰਹਿਣ ਵਾਲੇ ਹਰਪ੍ਰੀਤ ਸਿੰਘ ਕਰਦੇ ਹਨ।

ਕਿਸਾਨਾਂ ਦੀ ਸੇਵਾ ਵਿੱਚ 1983 ਤੋਂ ਪ੍ਰਕਾਸ਼ਿਤ ਹੋਣ ਵਾਲਾ
ਖੇਤੀ ਦੁਨੀਆਂ
ਸੰਪੂਰਨ ਖੇਤੀਬਾੜੀ ਹਫਤਾਵਾਰੀ
ਇੱਕ ਸਾਲ ਵਿੱਚ 52 ਅੰਕ
ਹਰ ਹਫਤੇ ਖੇਤੀ ਅਤੇ ਸਹਾਇਕ ਧੰਦਿਆਂ ਦੀ ਨਵੀਨਤਮ ਜਾਣਕਾਰੀ ਪਾਓ
ਚੰਦਿਆਂ 'ਤੇ ਵਿਸ਼ੇਸ਼ ਛੂਟ
ਇੱਕ ਸਾਲ 500/- ਰੁਪਏ
ਦੋ ਸਾਲ 750/- ਰੁਪਏ
KHETI DUNIYAN
TID - 62763351
ਚੰਦੇ ਭਰਨ ਲਈ QR ਕੋਡ ਸਕੈਨ ਕਰੋ।
ਹੋਰ ਜਾਣਕਾਰੀ ਲਈ ਸੰਪਰਕ ਕਰੋ : 90410-14575, 98151-04575